
ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

ਅਕਤੂਬਰ ੧੯੯੫ MONTHLY **SURA** LUDHIANA OCT. 1995

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ।।



ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

www.AKJ.Org

3 ਰੁਪਏ

# ਗੁਰਸਿਖ ਮੀਤ ਚਲਹੁ ਗੁਰ ਚਾਲੀ।।

## ਤੱਤਕਰਾ


| | | | |
|---|---|---|---|
| ੧. ਭਲੀ ਸੁਹਾਵੀ ਛਾਪਰੀ | ੧ | ੧੧. ਬੱਚਿਆਂ ਲਈ ਸਵਾਲਾਂ ਦੇ ਜਵਾਬ | ੨੦ |
| ੨. ਅਰਥ ਵਿਆਖਿਆ | ੨ | ੧੨. ਖਾਲਸਾ ਜੀ ਕੇ ਬੋਲ ਬਾਲੇ ਕਿਵੇ ਹੋਣ ? | ੨੧ |
| ੩. ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ | ੩ | ੧੩. ਖੰਡੇ ਬਾਟੇ ਦਾ ਅੰਮ੍ਰਿਤ ਛਕਾਣਾ......... | ੨੩ |
| ੪. ਕਾਗ ਤੇ ਹੰਸ ਕਰਹੁ ਕਰ ਮਇਆ | ੪ | ੧੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਠਨ ਪਾਠਨ | ੨੫ |
| ੫. ਪੰਜ ਖੰਡ (੨) | ੫ | ੧੫. ਭਾਈ ਕਾਨ੍ਹ ਸਿੰਘ ਜੀ ਨਾਭਾ | ੨੭ |
| ੬. ਮਾਈ ਮਾਇਆ ਛਲੁ | ੮ | ੧੬. ਆਓ ਗੁਰੂ ਲੜ ਲੱਗੀਏ | ੨੯ |
| ੭. ਅਬ ਕਲੂ ਆਇਓ ਰੇ | ੧੧ | ੧੭. ਸੇਈ ਪਿਆਰੇ ਮੇਲ | ੩੧ |
| ੮. A TRUE STORY | ੧੪ | ੧੮. ਧੰਨ ਧੰਨ ਗੁਰੂ ਰਾਮਦਾਸ ਜੀ | ੩੩ |
| ੯. ਸਾਂਝੀਵਾਲਤਾ ਦਾ ਮਹਾਨ ਗ੍ਰੰਥ (੨) | ੧੬ | ੧੯. ਬਾਪੂ ਜੀ ਤੇ ਬੱਚੇ | ੩੬ |
| ੧੦. ਵਾਰ ਮਾਰੂ ਡਖਣੇ (੫) | ੧੮ | ੨੦. ਦਾਤਿ ਪਿਆਰੀ ਵਿਸਰਿਆ ਦਾਤਾਰਾ | ੪੦ |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | | |
|---|---|---|
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ ੧੦ ਅਕਤੂਬਰ | ਜੋਤੀ ਜੋਤ ਸ੍ਰੀ ਗੁਰੂ ਹਰਿਰਾਏ ਜੀ ੧੮ ਅਕਤੂਬਰ | ਗੁਰਿਆਈ ਸ੍ਰੀ ਗੁਰੂ ਹਰਕ੍ਰਿਸ਼ਨ ਜੀ ੧੮ ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੩ ਅਕਤੂਬਰ | ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੨੮ ਅਕਤੂਬਰ | |

"ਸੂਰਾ" ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਨੂੰ
ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ ਜੀ।

## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ, ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ-

ਭਾਈ ਬਲਵੰਤ ਸਿੰਘ, ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਜਿਲਾ ਲੁਧਿਆਣਾ, ਫੋਨ: 0161-451493, 455539, 458006

---

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ- ੧ਮੁੱਖ ਦਫਤਰ "ਸੂਰਾ"-ਕੋਠੀ ਨੰ: ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
੨ ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ. ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩ ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ- ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ-ਭਾਈ ਫੌਜਿੰਦਰ ਸਿੰਘ ਜੀ, ੫੩੩ ਤ੍ਰੈ -ਏ ਫ਼ੇਜ਼, ਐਸ. ਏ. ਐਸ. ਨਗਰ ਮੋਹਾਲੀ।
੬ ਦਿੱਲੀ- ਭਾਈ ਹਰਦਿੱਤ ਸਿੰਘ ਜੀ, ਏ-੩੫ ਫ਼ਤਿਹ ਨਗਰ।
੭ ਸਾਰੇ ਸਮਾਗਮਾ ਸਮੇ-ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮ ਬਠਿੰਡਾ-ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ: ੨੪੩੪੮, ੨੧੬੮੧
੧੦ ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ:੪੧੭੪੮, ਘਰ:੨੩੧੫੨੦.
੧੧ ਯਮੁਨਾਨਗਰ-ਸ੍ਰ. ਪ੍ਰਮਜੀਤ ਸਿੰਘ, ਮਦਰਾਸ ਹੋਟਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿਨ ਕੋਡ-੧੩੫੦੦੧,ਫੋਨ: ੨੬੨੧੭.
੧੨ ਸੰਗਰੂਰ-੧. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬
ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

ਵਿਦੇਸ਼ਾ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ-ਭਾਈ ਗੁਰਨਾਮ ਸਿੰਘ ਜੀ ੧੦-Ambourne Gardens, Early Reading, Berks U.K. Tel. 0734-616902.
੨ ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫ਼ੋਨ : ੧੮੦੦੭੨੨੬੨੧੨
੩ ਕੈਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ ਫ਼ੋਨ : ੧੭੦੦੬੬੩੦੨੨੪.
੪ ਆਸਟਰੇਲੀਆ-ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ :੦੬੧੮੬੩੪੮੪੧
੫ ਨੀਉਜ਼ੀਲੈਂਡ - ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨

ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ
ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ਼ ਮੈਂਬਰਸ਼ਿਪ ੩੦੦ ਰੁ. ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/, 100/, 150/- ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫ਼ਤਰ ਭੇਜ ਦੇਣ ਜਾ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ
ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।

---

### ਮੋਖ ਰਹਿਤ ਸੂਰਾ

ਵਿਦੇਸ਼ਾਂ ਵਿਚ ਰਹਿੰਦੇ ਵੀਰ, ਭੈਣਾਂ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ, ਉਹਨਾਂ ਨੂੰ "ਸੂਰਾ" ਹਰ ਮਹੀਨੇ ਮੋਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ, ਵੈਨਕੂਵਰ (ਕਨੇਡਾ)
Canada (B.C.) V6-B2-R-9 Tel.: 18006 30224


ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ-ਫ਼ੋਨ: ੫੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨- ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਅਕਤੂਬਰ-੧੯੯੫ ਅੰਕ ੧੦

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


ਪੂਰੇ ਗੁਰ ਕੀ ਕਾਰ, ਕਰਮ ਕਮਾਈਐ।। ਗੁਰਮਤੀ ਆਪੁ ਗਵਾਇ ਨਾਮੁ ਧਿਆਈਐ।।
ਦੂਜੀ ਕਾਰੈ ਲਗਿ, ਜਨਮੁ ਗਵਾਈਐ।। ਵਿਣੁ ਨਾਵੈ ਸਭ ਵਿਸੁ, ਪੈਝੈ ਖਾਈਐ।।
ਸਚਾ ਸਬਦੁ ਸਾਲਾਹਿ, ਸਚਿ ਸਮਾਈਐ।।
ਵਿਣੁ ਸਤਿਗੁਰ ਸੇਵੇ ਨਾਹੀ ਸੁਖਿ ਨਿਵਾਸੁ, ਫਿਰਿ ਫਿਰਿ ਆਈਐ।।
ਦੁਨੀਆਂ ਖੋਟੀ ਰਾਸਿ, ਕੂੜੁ ਕਮਾਈਐ।।
ਨਾਨਕ ਸਚੁ ਖਰਾ ਸਾਲਾਹਿ, ਪਤਿ ਸਿਉ ਜਾਈਐ।।੧੪।। (ਪੰਨਾ ੧੪੪)

ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ।।
ਕਿਤ ਹੀ ਕਾਮਿ ਨ ਧਉਲਹਰ, ਜਿਤੁ ਹਰਿ ਬਿਸਰਾਏ।।੧।।ਰਹਾਉ।।
ਅਨਦੁ ਗਰੀਬੀ ਸਾਧ ਸੰਗਿ, ਜਿਤੁ ਪ੍ਰਭ ਚਿਤਿ ਆਏ।।
ਜਲਿ ਜਾਉ ਇਹੁ ਬਡਪਨਾ, ਮਾਇਆ ਲਪਟਾਏ।।੧।।
ਪੀਸਨੁ ਪੀਸਿ ਓਢਿ ਕਾਮਰੀ, ਸੁਖੁ ਮਨੁ ਸੰਤੋਖਾਇ।।
ਐਸੋ ਰਾਜੁ ਨ ਕਿਤੈ ਕਾਜਿ, ਜਿਤੁ ਨਹ ਤ੍ਰਿਪਤਾਏ।।੨।।
ਨਗਨ ਫਿਰਤ ਰੰਗਿ ਏਕ ਕੈ, ਓਹੁ ਸੋਭਾ ਪਾਏ।।
ਪਾਟ ਪਟੰਬਰ ਬਿਰਥਿਆ, ਜਿਹ ਰਚਿ ਲੋਭਾਏ।।੩।।
ਸਭੁ ਕਿਛੁ ਤੁਮਰੈ ਹਾਥਿ ਪ੍ਰਭ, ਆਪਿ ਕਰੇ ਕਰਾਏ।।
ਸਾਸਿ ਸਾਸਿ ਸਿਮਰਤ ਰਹਾ, ਨਾਨਕ ਦਾਨੁ ਪਾਏ।।੪।।੧।।੪੧।।

(ਰਾਗ ਸੂਹੀ ਮਹਲਾ ੫ ਘਰ ੪, ਪੰਨਾ ੭੮੫)

ਪਦ ਅਰਥ : ਭਲੀ-ਚੰਗੀ। ਸੁਹਾਵੀ-ਸੋਹਣੀ। ਛਾਪਰੀ-ਛਪਰੀ, ਕੁੱਲੀ। ਜਾ ਮਹਿ-ਜਿਸਵਿੱਚ।
ਕਿਤ ਹੀ ਕਾਮਿ-ਕਿਸੇ ਹੀ ਕੰਮ ਵਿੱਚ। ਧਉਲਹਰ-ਪੱਕੇ ਮਹਿਲ (ਮਹੱਲ)।੧।ਰਹਾਉ।
ਸਾਧਿ ਸੰਗਿ- ਸਾਧ ਸੰਗਤ ਵਿੱਚ। ਚਿਤਿ-ਚਿਤ ਵਿੱਚ। ਜਲਿ ਜਾਉ-ਜਲ (ਸੜ) ਜਾਏ। ਬਡਪਨਾ-ਵਡੱਪਣ, ਵੱਡਾ ਹੋਣ ਦਾ ਮਾਣ।
ਪੀਸਨੁ-ਪੀਸਣ ਵਾਲੀ ਮਸ਼ੀਨ, ਚੱਕੀ। ਪੀਸਿ-ਪੀਹ ਕੇ। ਓਢਿ-ਪਹਿਨ ਕੇ। ਕਾਮਰੀ-ਕੰਬਲੀ। ਕਿਤੈ-ਕਿਸੇ ਵੀ। ਤ੍ਰਿਪਤਾਏ-ਰੱਜਦਾ।੨।
ਰੰਗਿ ਏਕ ਕੈ-ਇੱਕ ਪ੍ਰਮਾਤਮਾ ਦੇ ਪ੍ਰੇਮ ਵਿੱਚ। ਸੋਭਾ-ਵਡਿਆਈ। ਪਾਟ ਪਟੰਬਰ-ਰੇਸ਼ਮੀ ਕੱਪੜੇ।
ਜਿਹ ਰਚਿ-ਜਿਨ੍ਹਾਂ ਵਿੱਚ ਮਸਤ ਹੋ ਕੇ। ਲੋਭਾਏ-ਲੋਭ (ਲਾਲਚ) ਕਰਦਾ ਰਹਿੰਦਾ ਹੈ।੩।
ਤੁਮਰੈ ਹਾਥਿ-ਤੇਰੇ ਹੱਥ ਵਿੱਚ। ਸਾਸਿ ਸਾਸਿ-ਹਰੇਕ ਸਾਹ ਦੇ ਨਾਲ।੪।




www.AKJ.Org

# ਅਰਥ ਵਿਆਖਿਆ

ਅਰਥ : ਹੇ ਭਾਈ ! ਉਹ ਕੁੱਲੀ ਚੰਗੀ ਹੈ ਜਿਸ ਵਿੱਚ ਰਹਿਣ ਵਾਲਾ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ ਪਰ ਉਹ ਪੱਕੇ ਮਹੱਲ ਕਿਸੇ ਕੰਮ ਨਹੀਂ ਜਿਨ੍ਹਾਂ ਵਿੱਚ ਰਹਿਣ ਵਾਲਾ ਮਨੁੱਖ ਪ੍ਰਭੂ ਨੂੰ ਵਿਸਾਰ (ਭੁਲਾ) ਦਿੰਦਾ ਹੈ।੧।ਰਹਾਉ।

ਹੇ ਭਾਈ ! ਸਾਧ ਸੰਗਤ ਵਿੱਚ ਗਰੀਬੀ ਸਹਿੰਦਿਆਂ ਵੀ ਅਨੰਦ ਹੈ ਕਿਉਂਕਿ ਉਥੇ ਚਿੱਤ ਵਿੱਚ ਪ੍ਰਭੂ ਵਸਿਆ ਰਹਿੰਦਾ ਹੈ। ਏਹੋ ਜੇਹਾ ਵਡੱਪਣ ਸੜ ਜਾਏ ਜਿਸ ਦੇ ਕਾਰਨ ਮਨੁੱਖ ਮਾਇਆ ਵਿੱਚ ਹੀ ਫਸਿਆ ਰਹੇ।੧।

ਗਰੀਬੀ ਵਿੱਚ ਚੱਕੀ ਪੀਹ ਕੇ, ਕੰਬਲੀ ਪਹਿਨ ਕੇ ਅਨੰਦ ਬਣਿਆ ਰਹਿੰਦਾ ਹੈ। ਕਿਉਂਕਿ ਮਨ ਨੂੰ ਸੰਤੋਖ ਮਿਲਿਆ ਰਹਿੰਦਾ ਹੈ। ਪਰ ਇਹੋ ਜਿਹਾ ਰਾਜ ਕਿਸੇ ਕੰਮ ਨਹੀਂ ਜਿਸ ਵਿੱਚ ਮਨੁੱਖ ਦੀ ਮਾਇਕ ਭੁੱਖ ਕਦੇ ਪੂਰੀ ਹੀ ਨਾਂ ਹੋਵੇ, ਤ੍ਰਿਪਤੀ (ਰੱਜ) ਨਾਂ ਆਵੇ।੨।

ਹੇ ਭਾਈ ! ਜਿਹੜਾ ਮਨੁੱਖ ਇਕ ਅਕਾਲ ਪੁਰਖ (੧ੴ) ਦੇ ਪ੍ਰੇਮ ਵਿੱਚ ਨੰਗਾ ਹੀ ਤੁਰਿਆ ਫਿਰਦਾ ਹੈ, ਉਹ ਸੋਭਾ ਪਾਉਂਦਾ ਹੈ। ਰੇਸ਼ਮੀ ਕੱਪੜੇ ਪਹਿਨਣੇ ਵਿਅਰਥ ਹਨ ਜਿਨ੍ਹਾਂ ਵਿੱਚ ਮਸਤ ਹੋ ਕੇ ਮਨੁੱਖ ਮਾਇਆ ਦਾ ਹੋਰ ਹੋਰ ਲੋਭ (ਲਾਲਚ) ਕਰਦਾ ਰਹਿੰਦਾ ਹੈ।੩।

ਹੇ ਪ੍ਰਭੂ ਜੀ ! ਸਭ ਕੁਝ ਤੇਰੇ ਹੱਥ ਵਿੱਚ ਹੈ, ਤੂੰ ਆਪ ਹੀ ਸਭ ਕੁਝ ਕਰਦਾ ਹੈਂ ਅਤੇ ਜੀਵਾਂ ਕੋਲੋਂ ਕਰਵਾਉਂਦਾ ਹੈਂ। ਨਾਨਕ ਮੋਹਰ ਛਾਪ ਹੇਠ ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਪ੍ਰਭ ਜੀਓ ! ਮੇਹਰ ਕਰੋ, ਤੇਰਾ ਦਾਸ ਤੇਰੇ ਦਰ ਤੋਂ ਇਹ ਦਾਨ ਪ੍ਰਾਪਤ ਕਰ ਲਏ ਕਿ ਮੈਂ ਹਰੇਕ ਸਾਹ (ਸਾਸਿ ਸਾਸਿ) ਦੇ ਨਾਲ ਤੈਨੂੰ ਸਿਮਰਦਾ ਰਹਾਂ।੪।੧।੪੧।

ਵਿਆਖਿਆ : ਉਹ ਛੱਪਰੀ ਚੰਗੀ ਹੈ ਜਿਸ ਵਿੱਚ ਬੈਠ ਕੇ ਗੁਰਮੁਖ ਜਨ ਪ੍ਰਭੂ ਦੇ ਗੁਣ ਗਾਉਂਦੇ ਹਨ, ਭਜਨ ਬੰਦਗੀ ਕਰਦੇ ਹਨ। ਪੱਕੀਆਂ ਮਹਿਲ ਮਾੜੀਆਂ ਕਿਸੇ ਕੰਮ ਨਹੀਂ ਜਿਨ੍ਹਾਂ ਵਿੱਚ ਰਹਿਣ ਨਾਲ ਦਾਤਾਰ ਪ੍ਰਭੂ-ਪ੍ਰੀਤਮ ਵਿਸਰ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਮਾਝ ਰਾਗ ਵਿੱਚ ਫੁਰਮਾਉਂਦੇ ਹਨ –

**ਜਿਥੈ ਨਾਮੁ ਜਪੀਐ ਪ੍ਰਭ ਪਿਆਰੇ।।**
**ਸੇ ਅਸਥਲ ਸੋਇਨ ਚਉਬਾਰੇ।।**
**ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ**
**ਸੇਈ ਨਗਰ ਉਜਾੜੀ ਜੀਉ।।੧।।** (ਪੰਨਾ ੧੦੫)

ਭਾਵ ਜਿਸ ਥਾਂ ਤੇ ਪਿਆਰੇ ਪ੍ਰਭੂ ਦਾ ਨਾਮ ਜਪਦੇ ਰਹੀਏ ਉਹ ਰੜੇ ਥਾਂ ਵੀ ਇੱਕ ਪ੍ਰਕਾਰ ਦੇ ਸੋਨੇ ਦੇ ਚੁਬਾਰੇ ਹਨ। ਪਰ ਹੇ ਮੇਰੇ ਗੋਬਿੰਦ ! ਜਿਸ ਥਾਂ ਤੇਰਾ ਨਾਮ ਨਾਂ ਜਪਿਆ ਜਾਏ ਉਹ ਵਸਦੇ ਨਗਰ ਵੀ ਉਜਾੜ ਬਰਾਬਰ ਹਨ।

ਸਤਿਸੰਗਤ ਕਰਨ ਨਾਲ ਪ੍ਰਭੂ ਚੇਤੇ ਆਉਣ ਲੱਗ ਪੈਂਦਾ ਹੈ। ਸਤਿਸੰਗਤ ਵਿੱਚ ਰਹਿੰਦਿਆਂ ਗਰੀਬੀ ਵਿੱਚ ਵੀ ਅਨੰਦ ਬਣਿਆ ਰਹਿੰਦਾ ਹੈ ਕਿਉਂਕਿ ਪ੍ਰਭੂ ਦੀ ਸਿਫਤ ਸਾਲਾਹ ਕਰਨ ਨਾਲ ਮਨ ਨੂੰ ਸੰਤੋਖ ਆ ਜਾਂਦਾ ਹੈ, ਬਾਹਰ (ਮਾਇਆ) ਦੀ ਭਟਕਣਾ ਖ਼ਤਮ ਹੋ ਜਾਂਦੀ ਹੈ। ਐਸੇ ਵਡੱਪਣ ਦਾ ਕੀ ਫਾਇਦਾ ਜਿਸ ਦੇ ਹੁੰਦਿਆਂ ਬੰਦੇ ਨੂੰ ਮਾਇਆ ਦੀ ਹੀ ਤ੍ਰਿਸ਼ਨਾ ਲੱਗੀ ਰਹਿੰਦੀ ਹੈ ?

ਜਿਸ ਮਨੁੱਖ ਦੀ ਲਿਵ ਪ੍ਰਭੂ ਚਰਨਾਂ ਵਿੱਚ ਲੱਗੀ ਰਹਿੰਦੀ ਹੈ ਉਸ ਨੂੰ ਮਾਇਆ ਦੇ ਰਸ ਕਸ ਵਿਸਰ ਜਾਂਦੇ ਹਨ। ਸੋਹਣੇ ਕੱਪੜੇ ਪਹਿਨਣ, ਅਨਿਕ ਪ੍ਰਕਾਰ ਦੇ ਭੋਜਨ ਛਕਣ, ਨਾਟਕ ਚੇਟਕ ਰੰਗ ਤਮਾਸ਼ੇ ਦੇਖਣ, ਮਹਿਲ ਮਾੜੀਆਂ, ਕਾਰਾਂ ਤੇ ਸੋਹਣੀਆਂ ਇਸਤਰੀਆਂ ਦੇ ਸੁਫਨੇ ਉਸ ਨੂੰ ਭੁੱਲ ਜਾਂਦੇ ਹਨ। ਉਹ ਸਾਧ ਸੰਗਤਿ ਵਿੱਚ ਜਾ ਕੇ ਹਰਿ ਜਸ ਦੀਆਂ ਘੁੰਮਰਾਂ ਪਾਉਂਦਾ, ਗੁਰੂ ਗੁਰੂ ਜਪਦਾ, ਚਾਈਂ ਚਾਈਂ ਪੱਖਾ ਝੱਲਦਾ, ਝਾੜੂ ਦਿੰਦਾ, ਜੋੜੇ ਝਾੜਦਾ, ਜੂਠੇ ਭਾਂਡੇ ਮਾਂਜਦਾ ਅੱਕਦਾ ਥੱਕਦਾ ਨਹੀਂ। ਅਜੇਹਾ ਮਨੁੱਖ ਸਾਦੇ ਕੱਪੜਿਆਂ ਵਿੱਚ ਵੀ ਰਹਿੰਦਾ ਹੋਇਆ ਦੁਨੀਆਂ ਵਿੱਚ ਸੋਭਾ ਪਾਉਂਦਾ ਹੈ। ਗੁਰੂ ਸਾਹਿਬ ਸੱਚ ਹੀ ਕਹਿੰਦੇ ਹਨ –

**ਨਗਨ ਫਿਰਤ ਰੰਗਿ ਏਕ ਕੈ, ਓਹੁ ਸੋਭਾ ਪਾਏ।।**
**ਪਾਟ ਪਟੰਬਰ ਬਿਰਥਿਆ, ਜਿਹ ਰਚਿ ਲੋਭਾਏ।।੩।।**

ਦੁਨੀਆਂ ਵਿੱਚ ਗੁਰਮੁਖਾਂ ਦੀ ਮਾਨ ਵਡਿਆਈ "ਨਾਮ ਰੰਗਣ" ਸਦਕਾ ਹੀ ਹੈ। ਨਾਮ-ਰੰਗ ਗੁਰੂ ਦੇ ਸਨਮੁਖ ਰਹਿਣ ਨਾਲ ਹੀ ਚੜ੍ਹਦਾ ਹੈ। ਗੁਰੂ ਦੇ ਸਨਮੁਖ ਰਹਿਣ ਨਾਲ "ਸਿੱਖ" ਦੀ ਬਿਰਤੀ ਇਹੋ ਜਿਹੀ ਬਣ ਜਾਂਦੀ ਹੈ ਕਿ ਉਹ ਆਪਣੇ ਸੰਗੀ ਸਾਥੀਆਂ ਨੂੰ ਦੱਸਦਾ ਹੈ ਕਿ ਮੈਂ –

**ਨੈਨੀ ਦੇਖਉ ਗੁਰ ਦਰਸਨੋ, ਗੁਰ ਚਰਣੀ ਮਥਾ।।**
**ਪੈਰੀ ਮਾਰਗਿ ਗੁਰ ਚਲਦਾ, ਪੱਖਾ ਫੇਰੀ ਹਥਾ।।**
**ਅਕਾਲ ਮੂਰਤਿ ਰਿਦੈ ਧਿਆਇਦਾ, ਦਿਨੁ ਰੈਨਿ ਜਪੰਥਾ।।**
**ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ।।**

(ਪੰਨਾ ੧੧੦੧)

(ਬਾਕੀ ਪੰਨਾ 30 ਤੇ)



www.AKJ.Org

# ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ।।
ਜਿਨਿ ਸੁਖਿ ਬੈਠਾਲੀ ਤਿਸੁ ਬਹੁਤੁ ਦਿਖਾਇਆ।।
ਭਾਈ ਮੀਤ ਕੁਟੰਬ ਦੇਖਿ ਬਿਬਾਦੇ।।
ਹਮ ਆਈ ਵਸਗਤਿ ਗੁਰ ਪਰਸਾਦੇ।।੧।।
ਐਸਾ ਦੇਖਿ ਬਿਮੋਹਿਤ ਹੋਏ।।
ਸਾਧਿਕ ਸਿਧ ਸੁਰ ਦੇਵ ਮਨੁਖਾ
ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।।੧।।ਰਹਾਉ।।
ਇਕਿ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ।।
ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ।।
ਇਕ ਸਤੀ ਕਹਾਵਹਿ ਤਿਨ ਬਹੁਤੁ ਕਲਪਾਵੈ।।
ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ।।੨।।
ਤਪੁ ਕਰਤੇ ਤਪਸੀ ਭੂਲਾਏ।।
ਪੰਡਤਿ ਮੋਹੇ ਲੋਭਿ ਸਬਾਏ।।
ਤ੍ਰੈ ਗੁਣ ਮੋਹੇ ਮੋਹਿਆ ਅਕਾਸੁ।।
ਹਮ ਸਤਿਗੁਰ ਰਾਖੇ ਦੇਕਰਿ ਹਾਥੁ।।੩।।
ਗਿਆਨੀ ਕੀ ਹੋਇ ਵਰਤੀ ਦਾਸਿ।।
ਕਰ ਜੋੜੇ ਸੇਵਾ ਕਰੇ ਅਰਦਾਸਿ।।
ਜੋ ਤੂੰ ਕਹਹਿ ਸੋ ਕਾਰ ਕਮਾਵਾ।।
ਜਨ ਨਾਨਕ ਗੁਰਮੁਖ ਨੇੜਿ ਨ ਆਵਾ।।੪।।੧।।

(ਆਸਾ ਘਰੁ ੨ ਮ: ੫, ਪੰਨਾ ੩੭੦)

ਇਸ ਗੁਰਵਾਕ ਦੁਆਰ ਜੋਗੀ, ਗਿਰਹੀ, ਤਪੱਸੀ, ਉਦਾਸੀ ਆਦਿਕ ਸਾਰੇ ਆਨਮਤ ਭੇਖਾਂ ਦਾ ਖੰਡਨ ਕੀਤਾ ਗਿਆ ਹੈ, ਇਕੋ ਗੁਰਮਤਿ ਮੰਡਨ ਦਰਸਾਇਆ ਗਿਆ ਹੈ।

ਮਾਇਆ ਵਡੇ ਵਡੇ ਕਰਮੀਆਂ, ਧਰਮੀਆਂ ਨੂੰ ਆ ਚਿਮੜਦੀ ਹੈ। ਆਨਮਤ ਕਰਮੀਆਂ ਨੂੰ ਆਣ ਚਿਮੜਦੀ ਹੈ, ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਇਸ ਡਾਇਣ ਤੋਂ ਬਚਦੇ ਹਨ, ਨਹੀਂ ਤਾਂ ਜਿਸ ਪੁਰਸ਼ ਨੇ ਭੀ ਮਾਇਆ ਨਾਲ ਪ੍ਰੀਤ ਲਾਈ ਹੈ, ਉਹ ਉਸੇ ਨੂੰ ਖਾ ਜਾਂਦੀ ਹੈ, ਜਿਸ ਕਿਸੇ ਨੇ ਭੀ ਇਸ ਮਾਇਆ ਦਾ ਆਦਰ ਕੀਤਾ ਹੈ, ਤਿਸੇ ਨੂੰ ਇਸ ਡਾਇਣ ਮਾਇਆ ਨੇ ਭੈ-ਭੀਤਨੀ ਦੰਦ ਦਿਖਾਏ ਹਨ। ਸੰਸਾਰੀ ਭਾਈ ਕੁਟੰਬੀ ਇਸ ਬਪੁਰੀ ਮਾਇਆ ਦੇ ਪਿਛੇ ਲਗ ਕੇ ਆਪਸ ਵਿਚ ਹੀ ਲੜਦੇ ਝਗੜਦੇ ਫਿਰਦੇ ਹਨ। ਸੋਈ ਗੁਰਮੁਖਿ ਜਨ ਇਸ ਤੋਂ ਬਚਦੇ ਹਨ, ਜਿਨ੍ਹਾਂ ਉਤੇ ਗੁਰੂ ਦੀ ਕ੍ਰਿਪਾ ਪ੍ਰਸਾਦ ਦੇ ਕਾਰਨ ਗੁਰਮਤਿ ਮਤਿ ਦ੍ਰਿੜ ਹੋਣ ਦੀ ਕ੍ਰਿਪਾ ਹੁੰਦੀ ਹੈ, ਤਿਨ੍ਹਾਂ ਗੁਰਮਤਿ ਮਾਰਗੀ ਗੁਰਮੁਖਿ ਜਨਾਂ ਦੇ ਤਾਂ, ਇਹ ਲੋਕਾਂ ਨੂੰ ਭਰਮਾਉਣ ਵਾਲੀ ਮਾਇਆ, ਸਗੋਂ ਵਸਗਤਿ ਆ ਜਾਂਦੀ ਹੈ। ਮਾਇਆ ਐਸੀ ਮੋਹਿਣ ਅਤੇ ਛਲਣ ਵਾਲੀ ਹੈ ਕਿ ਇਸ ਨੂੰ ਵੇਖ ਕੇ ਸਾਰੇ ਲੋਗ ਹੀ ਮੋਹੇ ਜਾਂਦੇ ਹਨ। ਇਹ ਜਿਹੜੇ ਸਾਧਿਕ ਸਿਧ ਕਮਾਈਆਂ ਕਰਨ ਵਾਲੇ, ਸੁਰ, ਦੇਵ, ਮਨੁਖ ਆਨਮਤੀ ਲੋਗ ਹਨ, ਸਾਰੇ ਹੀ ਇਸ ਠਗਣੀ ਮਾਇਆ ਨੇ ਠਗ ਲਏ ਹਨ, ਇਸ ਤੇ ਧ੍ਰੋਹੇ ਹੋਏ ਤਾਬ ਨਹੀਂ ਲਿਆ ਸਕਦੇ। ਕੇਵਲ ਉਹ ਹੀ ਗੁਰਮਤਿ ਮਾਰਗੀ ਗੁਰਮੁਖਿ ਜਨ ਇਸ ਤੋਂ ਬਚਦੇ ਹਨ ਜਿਨ੍ਹਾਂ ਨੇ ਸਚੇ ਸਾਧੂ ਸਤਿਗੁਰੂ ਮਹਾਰਾਜ ਜੀ ਤੋਂ ਗੁਰੂ-ਦੀਖਿਆ ਲਈ ਹੈ।

ਇਹ ਜੋ ਉਦਾਸੀ ਦਾ ਭੇਖ ਧਾਰੀ ਫਿਰਦੇ ਹਨ, ਪਖੰਡੀ ਜਨ, ਅਤੇ ਗੁਰੂ-ਮਤਿ ਵਾਲਾ ਸੁੱਚਾ ਭੇਖ ਧਾਰਨ ਨਹੀਂ ਕਰਦੇ ਤਿਨ੍ਹਾਂ ਨੂੰ ਇਹ ਮਾਇਆ ਕਾਮ ਦੀ ਸ਼ਕਲ ਧਾਰ ਕੇ ਆ ਚਿਮੜਦੀ ਹੈ। ਇਕ ਜਿਹੜੇ ਗ੍ਰਿਹਸਤੀ ਬਣ ਕੇ ਬਿਨਾਂ ਗੁਰਮਤਿ ਮਾਰਗ ਉੱਪਰ ਚੱਲੇ ਤੇ, ਇਸ ਮਾਇਆ ਨੂੰ ਸੰਚਨ (ਇਕੱਤ੍ਰ) ਕਰਨ ਵਿੱਚ ਦਿਨ ਰਾਤ ਖਚਤ ਰਹਿੰਦੇ ਹਨ, ਉਨ੍ਹਾਂ ਦੀ ਭੀ ਇਹ ਮਾਇਆ ਆਪਣੀ ਨਹੀਂ ਬਣਦੀ, ਸਗੋਂ ਧੋਖਾ ਹੀ ਦੇ ਜਾਂਦੀ ਹੈ। ਇਕ ਐਸੇ ਭੀ ਲੋਗ ਹਨ ਜੋ ਅਪਣੇ ਆਪ ਨੂੰ ਸਤੀ ਅਖਵਾਉਂਦੇ ਹਨ, ਤਿਨਾਂ ਨੂੰ ਭੀ ਇਹ ਮਾਇਆ ਪ੍ਰਬਲ ਹੋ ਕੇ ਕਲਪਾਉਂਦੀ ਹੈ ਅਤੇ ਦੁਖ ਪੁਚਾਉਂਦੀ ਹੈ। ਕੇਵਲ ਤਿਨ੍ਹਾਂ ਗੁਰਮੁਖਿ ਜਨਾਂ ਦੀ ਹੀ ਇਸ ਮਾਇਆ ਨਾਗਣ ਤੋਂ ਰੱਖਿਆ ਹੁੰਦੀ ਹੈ, ਜੋ ਸੱਚੇ ਸਤਿਗੁਰ ਤੋਂ ਦੀਖਿਆ ਲੈ ਕੇ ਸੱਚੇ ਗੁਰਸਿੱਖ ਬਣਦੇ ਹਨ ਅਤੇ ਗੁਰਮਤਿ ਨਾਮ ਦੀਆਂ ਕਮਾਈਆਂ ਕਰਦੇ ਹਨ।

ਇਸ ਬਪੁੜੀ ਮਾਇਆ ਨੇ ਕਈ ਵੇਸ ਧਾਰਨ ਕਰ ਕੇ ਤਪ ਕਰਦਿਆਂ ਤਪੱਸਵੀ ਜਨਾਂ ਵੀ ਰੁਲਾਇਆ ਤੇ ਭੁਲਾਇਆ ਹੈ ਅਤੇ ਤਿਨ੍ਹਾਂ ਆਨਮਤੀ ਤਪੀਸ਼ਰਾਂ ਦੇ ਤਪ ਨੂੰ ਭੰਗ ਕੀਤਾ ਹੈ। ਬੜੇ ਬੜੇ ਪੰਡਤ ਗਿਆਨੀ ਗੁਣੀ ਕਹਾਵਣ ਵਾਲੇ ਆਨਮਤੀ ਜਨ ਭੀ ਸਾਰੇ ਦੇ ਸਾਰੇ ਹੀ ਇਸ ਮਾਇਆ ਨੇ ਮੋਹ ਅਤੇ ਲੁਭਾਇ ਲਏ ਹਨ। ਗੱਲ ਕੀ, ਇਸ ਧਰਤੀ ਦੇ ਉੱਪਰ ਰਹਿਣ ਵਾਲੇ ਸਾਰੇ ਹੀ ਤ੍ਰੈਗੁਣੀ ਜੀਵ ਮਾਇਆ ਦੇ ਹੱਥੋਂ ਮੋਹੇ ਗਏ ਹਨ ਅਤੇ ਅਕਾਸ਼ ਉੱਤੇ ਰਹਿਣ ਦੀ ਰਿਹਾਇਸ਼ ਨੂੰ ਤਸੱਵਰ ਕਰਨ ਵਾਲੇ ਦੇਵ ਲੋਕ ਭੀ ਇਸ ਮਾਇਆ ਨੇ ਮੋਹ ਲਏ ਹਨ। ਕੇਵਲ ਉਹ ਗੁਰਮੁਖਿ ਜਨ ਹੀ


www.AKJ.Org

ਇਸ ਬਹੁ-ਰੰਗਲੀ ਮਾਇਆ ਦੇ ਦੂਫੇੜ ਤੋਂ ਬਚੇ ਹਨ ਜਿਨ੍ਹਾਂ ਨੂੰ ਸਤਿਗੁਰੂ ਨੇ ਆਪਣਾ ਹੱਥ ਦੇ ਕੇ ਬਚਾਇਆ ਹੈ।

ਐਸੇ ਬਚੇ ਰਹਿਣ ਵਾਲੇ ਲੋਕ ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਹਨ, ਜੋ ਖਿਨ ਖਿਨ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਈ ਗੁਰਦੀਖਿਆ ਦੀਆਂ ਕਮਾਈਆਂ ਕਰਦੇ ਹਨ। ਅਜਿਹੇ ਗੁਰਮੁਖਿ ਗਿਆਨੀਆਂ ਦੀ ਇਹ ਮਾਇਆ ਸਗੋਂ ਦਾਸੀ ਹੋ ਕੇ ਵਰਤਦੀ ਹੈ ਅਤੇ ਉਹਨਾਂ ਦੇ ਅੱਗੇ ਪਿੱਛੇ ਹੱਥ ਜੋੜੀ ਫਿਰਦੀ ਹੈ ਅਤੇ ਹੱਥ ਜੋੜ ਕੇ ਅਰਦਾਸ ਕਰਦੀ ਹੈ ਕਿ ਜੋ ਤੁਸੀਂ ਕਹੋਗੇ ਉਹ ਹੀ ਕਾਰ ਕਰੂੰਗੀ ਤੇ ਗੁਰਮੁਖਾਂ ਗੁਰਸਿਖਾਂ ਦੇ ਨੇੜੇ ਨਹੀਂ ਆਵੇਗੀ, ਗੁਰੂ ਘਰ ਦੀ ਗੁਰਮੁਖਾਂ (ਗੁਰੂ ਨਾਨਕ-ਪੰਥੀਆਂ) ਦੇ ਨਾ ਨੇੜੇ ਢੁਕਾਂਗੀ।

ਗੱਲ ਕੀ, ਇਸ ਬਹੁ ਰੂਪ ਬਿਖਾਣੀ ਮਾਇਆ ਨੇ ਕਿਸੇ ਭੀ ਭੇਖੀ, ਆਨਮਤੀ, ਪਾਖੰਡੀ, ਤੀਰਥ-ਵਾਸੀ, ਜੋਗੀ, ਸੰਨਿਆਸੀ ਨੂੰ ਨਹੀਂ ਛਡਿਆ, ਨਾ ਹੀ ਕਿਸੇ ਸ਼ਾਸਤ੍ਰ, ਸਿਮ੍ਰਿਤ, ਬੇਦ ਅਭਿਆਸੀਆਂ ਨੂੰ ਛਡਿਆ ਹੈ। ਉਹ ਬਥੇਰਾ ਸਿਮ੍ਰਿਤ, ਸ਼ਾਸਤ੍ਰ ਪੜ੍ਹਨ ਕਰ ਕੇ ਅਤੇ ਵੇਦਾਂ ਦਾ ਪਾਠ ਕਰ ਕਰ ਕੇ ਥਕ ਗਏ। ਕੇਵਲ ਗੁਰਮੁਖਿ ਅਭਿਆਸੀ ਜਨਾਂ ਦਾ ਹੀ ਇਸ ਤੋਂ ਛੁਟਕਾਰਾ ਹੋਇਆ ਹੈ, ਜਿਨ੍ਹਾਂ ਨੇ ਸਤਿਗੁਰੂ ਤੋਂ ਸੱਚਾ ਉਪਦੇਸ਼ ਲੈ ਕੇ ਗੁਰਮੰਤਰ ਗੁਰ-ਦੀਖਿਆ ਨੂੰ ਦ੍ਰਿੜ ਕਰਕੇ ਪੂਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੀ ਹੈ। ਯਥਾ -

ਧੁਰ ਕੀ ਭੇਜੀ ਆਈ ਆਮਰਿ।।
ਨਉਖੰਡ ਜੀਤੇ ਸਭਿ ਥਾਨ ਥਨੰਤਰ।।
ਪੜਿ ਥਾਕੇ ਸਿਮ੍ਰਿਤ ਬੇਦ ਅਭਿਆਸ।।੨।।
ਜਹ ਬੈਸਉ ਤਹ ਨਾਲੇ ਬੈਸੈ।।
ਸਗਲ ਭਵਨ ਮਹਿ ਸਬਲ ਪ੍ਰਵੇਸੈ।।
ਹੋਛੀ ਸਰਣਿ ਪਇਆ ਰਹਣੁ ਨ ਪਾਈ।।
ਕਹੁ ਮੀਤਾ ਹਉ ਕੈ ਪਹਿ ਜਾਈ।।੩।।
ਸੁਣਿ ਉਪਦੇਸੁ ਸਤਿਗੁਰਿ ਪਹਿ ਆਇਆ।।
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ।।
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ।।
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ।।੪।।੪।।

(ਆਸਾ ਮ: ੫, ਪੰਨਾ ੩੭੧)

## ਕਾਗ ਤੇ ਹੰਸ ਕਰਹੁ ਕਰ ਮਇਆ

ਅਮਰੀਕ ਸਿੰਘ ਗਰੀਬ

ਮੈਂ ਅਨਾਥ ਗਰੀਬ ਬੰਦਾ,
ਡੋਲਨਹਾਰ ਇਹ ਚਿੱਤ ਭਇਆ।
ਭ੍ਰਮ ਭੈ ਹੀ ਨੇ ਦਹਦਿਸ ਘੇਰਿਆ,
ਨਿਮਖ ਨਿਮਖ ਮੇਰਾ ਚੈਨ ਹਿਰਿਆ।
ਭਾਉ ਭਗਤਿ ਰਿਦ ਨਹਿ ਪ੍ਰਵੇਸੰ,
ਆਸਾ ਅੰਦੇਸਾ ਨਿੱਤ ਰਹੇ ਖੜ੍ਹਿਆ।
ਉਪਦੇਸ ਸੰਤਨ ਦਾ ਰਿਦੈ ਨਾ ਵਾਸੈ,
ਮਨ ਜੰਜਾਲੀ ਖੇਤ ਵੜਿਆ।
ਬਚਾਇ ਲੇਹੁ ਗਰੀਬ ਦਾਸ ਕਉ,
ਤਉ ਸਰਣਾਗਤਿ ਢਹਿ ਪਇਆ।
ਘੋਰ ਅੰਧਾਰ ਹੈ ਚਹੁੰਦਿਸ ਛਾਇਉ,
ਦਿਸੈ ਨਾਹੀ ਚੰਦ ਚੜ੍ਹਿਆ।
ਨੇਤ੍ਰ ਅੰਧ ਭਏ ਪੇਖਿ ਬਿਖਿਆ,
ਸ੍ਰਵਲਣ ਤੇ ਭੀ ਬਿਕਲ ਭਇਆ।
ਅੰਧ ਕੂਪ ਮਹਿ ਜਿਉਂ ਦਾਦਰਾ,
ਨਿਕਸ ਨ ਸਾਕਉਂ ਗੋੜ ਭਇਆ।
ਮੋਹਨੀ ਕੋਪੈ, ਪੰਚ ਦੂਤ ਜੋਹਿਹੰ,
ਗਿਆਨ ਰਤਨ ਮੇਰਾ ਹਿਰ ਲਇਆ।
ਜਰ ਆਇ ਜੋਬਨ ਮਹਿ ਹਾਕ ਹੈ ਦੀ,
ਤਨ ਮਨ ਥਾਕਾ ਨਿਬਲ ਭਵਿਆ।
ਭਰ ਸਰਵਰ ਅਬ ਤਉ ਹੈ ਉਛਲਿਓ,
ਤਰ ਲੰਘਣਾ ਬਹੁ ਬਿਖਮ ਭਇਆ।
ਮੱਛ ਕੱਛ ਡੰਸਣ ਬਹੁ ਆਏ,
ਇਹ ਜੰਤ ਅਕੇਲਾ, ਕਰਹੁ ਮਇਆ।
ਘਾਟੀ ਬਿਖਮ ਬੈਲ ਬਹੁ ਥਾਕਾ,
ਥਾਪੀ ਦੇ ਕੈ ਕਰਹੁ ਖੜ੍ਹਿਆ।
ਦੂਤਨ ਸੰਗਿ ਰਲ ਹਾਲ ਇਹ ਹੋਇਆ,
ਕੀਤਾ ਆਪਣਾ ਪੱਲੈ ਪਇਆ।
ਸੁੱਕ ਕਨੂਲਾ ਘਾਸ ਜਿਉਂ ਪੂਲਾ,
ਅਗਨਿ ਲਪਟਿ ਹਉਂ ਰਾਖ ਪਇਆ।
ਅਨਦਿਨ ਜਲਤ ਰਹੈ ਬਿਖਿਆ ਮਹਿ,
ਸੋਗ ਦੂਖ ਸੰਤਾਪ ਭਇਆ।
ਹੇ ਸਮਰਥ ਗੁਰਦੇਵ ਕ੍ਰਿਪਾਨਿਧ,
ਮੈਂ 'ਗਰੀਬ' ਤੇਰੀ ਸਰਨਇਆ।
ਤੁਮ ਤਉ ਪਾਰਸ ਚੰਦਨ ਸਤਿਗੁਰਾ,
ਮੈਂ ਤਉ ਲੋਹ ਕਾਸਟ ਹੀ ਰਹਿਆ।
ਪਰਸਿ ਮੁਹਿ ਭੀ ਕੰਚਨ ਕਰਿਅਉ,
ਚੰਦਨ ਵਾਸ ਕਰਹੁ ਧਾਰਿ ਦਇਆ।
ਖੋਟਿਅਉਂ ਖਰਾ ਕਰਹੁ ਧਾਰਿ ਦ੍ਰਿਸਟੀ,
ਕਾਗ ਤੇ ਹੰਸ ਕਰਹੁ ਕਰ ਮਇਆ।


www.AKJ.Org

# ਪੰਜ ਖੰਡ (੨)

"ਸੂਰਾ" ਸਤੰਬਰ ੯੫ ਦਾ ਬਾਕੀ (ਸੂਬੇਦਾਰ ਧਰਮ ਸਿੰਘ ਸੁੱਜੋ)

ਭਾਈ ਸਾਹਿਬ ਰਣਧੀਰ ਸਿੰਘ ਜੀ ਮੌਜੂਦਾ ਸਮੇਂ ਵਿੱਚ ਇੱਕ ਐਸੀ ਸ਼ਖਸੀਅਤ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਪਹਿਲਾਂ ਤਾਂ, ਅਤੁੱਟ ਨਾਮ-ਅਭਿਆਸ ਕਮਾਈ ਕੀਤੀ- "ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ" (ਅਨੰਦ-੩੯) ਜਦੋਂ ਕਮਾਈ ਕਰਦੇ ਕਰਦੇ , ਸਤਿਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਦਿਬ-ਦ੍ਰਿਸ਼ਟੀ ਪ੍ਰਾਪਤ ਹੋਈ, ਦਿਬ-ਦ੍ਰਿਸ਼ਟੀ ਦੁਆਰਾ ਉਨ੍ਹਾਂ ਜੋ ਕੁਝ ਤੱਕਿਆ, ਅਨੁਭਵ, Realise ਜਾਂ Experience ਕੀਤਾ, ਉਸ ਦੇ ਅਧਾਰ ਤੇ ਬਾਣੀ ਨੂੰ ਘੋਖਿਆ, ਫੇਰ ਹੀ ਕੁਝ ਲਿਖਣ ਲਈ ਕਲਮ ਉਠਾਈ। ਉਨ੍ਹਾਂ ਜੋ ਕੁਝ ਭੀ ਲਿਖਿਆ ਹੈ, ਸਿਰਫ਼ ਬੁਧੀ ਬਲ ਜਾਂ ਮਨ ਦੀ ਸੋਚ ਦੇ ਅਧਾਰ ਤੇ ਹੀ ਨਹੀਂ ਸਗੋਂ, ਉਨ੍ਹਾਂ ਨੇ ਜੋ ਕੁਝ ਪ੍ਰਤੱਖ ਤੌਰ ਤੇ ਅਨੁਭਵ ਕੀਤਾ, ਉਹ ਕੁਝ ਹੀ ਉਨ੍ਹਾਂ ਨੇ ਲਿਖਿਆ। ਪੰਜਾਂ ਖੰਡਾਂ ਦਾ ਨਿਰਣਾ ਕਰਨੇ ਲਈ ਉਨ੍ਹਾਂ "ਸੱਚ ਖੰਡ ਦਰਸ਼ਨ" ਨਾਮੇ ਪੁਸਤਕ ਲਿਖੀ। ਵਿਸਤਾਰ ਪੂਰਬਕ ਜਾਣਕਾਰੀ ਲਈ ਤੁਸੀਂ ਉਸ ਪੁਸਤਕ ਵਿੱਚੋਂ ਪੜ੍ਹ ਸਕਦੇ ਹੋ- ਇਥੇ ਸਿਰਫ ਉਸ ਦਾ ਸਾਰ-ਅੰਸ਼ ਹੀ ਦਿੱਤਾ ਜਾਵੇਗਾ।

ਭਾਈ ਸਾਹਿਬ ਦੀ ਲਿਖਤ ਅਨੁਸਾਰ, ਇਹ ਖੰਡ ਕੁਦਰਤ ਦੀ ਕਾਇਨਾਤ ਅੰਦਰ ਮੌਜੂਦ ਤਬਕੇ Regions ਜਾਂ Speres ਹਨ, ਜਿਥੇ ਸਾਡੇ ਮਾਤ ਲੋਕ ਵਾਂਗੂੰ ਅਬਾਦੀ ਮੌਜੂਦ ਹੈ। ਉਨ੍ਹਾਂ ਨੇ ਇਥੋਂ ਤੱਕ ਭੀ ਲਿਖਿਆ ਹੈ ਕਿ ਉਥੇ ਅਬਾਦੀ ਮਾਤ ਲੋਕ ਦੀ ਅਬਾਦੀ ਨਾਲੋਂ ਭੀ ਘੁੱਗ ਵਸਦੀ ਹੈ। ਇਹ ਮਾਤ ਲੋਕ ਦੀ ਅਬਾਦੀ ਨਾਲੋਂ ਭੀ ਸੰਘਣੀ ਅਬਾਦੀ ਹੈ। ਮਾਤ ਲੋਕ ਦੀ ਰਚਨਾ ਇਤਨੀ ਵਿਸ਼ਾਲ ਜਾਂ ਬੇਅੰਤ ਹੈ ਜਿਸ ਦੀ ਥਾਹ, ਹਾਲੇ ਸਾਇੰਸਦਾਨ ਭੀ ਨਹੀਂ ਪਾ ਸਕੇ, ਬਾਕੀ ਖੰਡਾਂ ਦੀ ਰਚਨਾ ਬਾਰੇ ਤਾਂ ਵਾਹਿਗੁਰੂ ਹੀ ਜਾਣੇ। ਭਾਈ ਸਾਹਿਬ ਅਨੁਸਾਰ, ਮਾਤ ਲੋਕ ਦੇ ਇਰਦ ਗਿਰਦ ਧਰਮ ਖੰਡ ਹੈ ਭਾਵ ਧਰਮ ਖੰਡ, ਮਾਤ ਲੋਕ ਦੇ ਚਾਰ ਚੌਫੇਰੇ ਫੈਲਿਆ ਹੋਇਆ ਹੈ ਅਤੇ ਮਾਤ ਲੋਕ, ਧਰਮ ਖੰਡ ਦੇ ਅੰਤਰ-ਗਤਿ ਹੈ। ਇਸੀ ਤਰ੍ਹਾਂ ਹੀ ਅਗੇ ਤੋਂ ਅਗੇ, ਧਰਮ ਖੰਡ ਦੇ ਗਿਰਦ ਗਿਆਨ ਖੰਡ, ਗਿਆਨ ਖੰਡ ਦੇ ਗਿਰਦ ਸਰਮ ਖੰਡ, ਸਰਮ ਖੰਡ ਦੇ ਗਿਰਦ ਕਰਮ ਖੰਡ ਅਤੇ ਕਰਮ ਖੰਡ ਦੇ ਗਿਰਦ ਸਚ ਖੰਡ ਮੌਜੂਦ ਹੈ। ਇਸ ਤਰ੍ਹਾਂ ਕੁਦਰਤ ਦੀ ਕੁੱਲ ਕਾਇਨਾਤ, ਸੱਚ ਖੰਡ ਦੇ ਅੰਤਰ-ਗਤਿ ਵਸਦੀ ਹੈ। ਸੱਚ ਖੰਡ ਕੁੱਲ ਕਾਇਨਾਤ ਦੇ ਉਪਰ ਦੂੰ ਅਤੇ ਚਾਰ ਚੌਫੇਰੇ ਵਸਦਾ ਹੈ। ਇਨ੍ਹਾਂ ਖੰਡਾਂ ਵਿੱਚ ਵਸਦੀਆਂ ਅਬਾਦੀਆਂ ਦਾ ਜੋ ਵੇਰਵਾ ਜਪੁ ਜੀ ਸਾਹਿਬ ਦੀ ਬਾਣੀ ਵਿੱਚ ਦਰਜ ਹੈ, ਉਹ ਅਬਾਦੀਆਂ ਹੂ-ਬ-ਹੂ ਉਥੇ ਮੌਜਦ ਹਨ। ਇਸ ਵਿੱਚ ਰੰਚਕ ਮਾਤਰ ਭੀ ਸੰਦੇਹ ਨਹੀਂ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਅਨਹਦ-ਸ਼ਬਦ ਦਸਮ ਦੁਆਰ' ਵਿੱਚ ਲਿਖਦੇ ਹਨ ਕਿ ਇਸ ਦਿਸਦੇ ਅਥਾਹ ਆਕਾਸ਼ ਪੁਲਾੜ ਅੰਦਰਿ ਜਿਥੇ ਅਣਗਿਣਤ ਅਨੇਕਾਂ ਲੱਖਾਂ ਕਰੋੜਾਂ ਅਰਬਾਂ ਖਰਬਾਂ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਮੰਡ, ਚੰਦ, ਸੂਰਜ ਤਾਰੇ ਸਿਤਾਰੇ, ਪ੍ਰਗਟ ਤੌਰ ਤੇ ਮੌਜੂਦ ਹਨ, ਤਿਥੇ ਬੇਸ਼ੁਮਾਰ ਅਗਣਤ ਅਸੰਖ ਅਲੌਕਿਕ ਪਾਰਲੌਕਿਕ ਗੁਪਤ ਰਚਨਾ ਹੈ ਜੋ ਇਨ੍ਹਾਂ ਅੱਖੀਆਂ ਦੀ ਬੀਨਾਈ ਤੋਂ ਅਪਰੰਪਰ ਹੈ, ਜਿਸ ਦੀ ਹੋਂਦ ਹਕੀਕੀ ਸਾਡੇ ਨੇੜੇ ਤੋਂ ਨੇੜੇ ਹੁੰਦਿਆਂ ਭੀ ਸਥੂਲ ਅੱਖਾਂ ਨੂੰ ਨਹੀਂ ਦੀਹਦੀ ਹੈ .... ਅਰੂਪ ਰੂਪ ਰਚਨਾ ਅਤੇ ਆਲਮੇ ਅਰਵਾਹ ਨੂੰ ਦੇਖਣ ਲਈ ਅਤਿ ਸੂਖਮ ਲੋਇਨਾਂ ਦੀ ਲੋੜ ਹੈ। ਭਾਈ ਸਾਹਿਬ ਨੇ 'ਅਣਡਿੱਠੀ ਦੁਨੀਆਂ' ਨਾਮੇ ਪੁਸਤਕ ਵਿੱਚ ਭੀ ਅਗਲੀ ਦੁਨੀਆਂ ਬਾਰੇ ਕੁਝ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਪਾਠਕਾਂ ਦੀ ਦਿਲਚਸਪੀ ਲਈ ਉਸ ਪੁਸਤਕ ਵਿਚੋਂ ਭੀ ਕੁਝ ਤੁਕਾਂ ਹੇਠ ਲਿਖੇ ਅਨੁਸਾਰ ਪੇਸ਼ ਹਨ-

"ਸੁਮਾਧ ਸਥਿਤੀ ਆਤਮ ਵਿਗਾਸ ਦੇ ਖੌਲਾਉ ਵਿੱਚ ਪਰਤੱਖ ਦੇਖਿਆ ਨਜ਼ਾਰਾ, ਨਦਰੀ ਨਦਰ ਨਦਰਾਏ ਮਹਾਂ ਪੁਰਖ ਦਸਦੇ ਹਨ ਕਿ ਸੁਤੇ ਸਿਧ ਹੀ, ਪ੍ਰਕਾਸ਼ ਵਿਗਾਸੀ ਉਘਾੜ ਵਿੱਚ, ਅੱਜ ਧਰਮ ਰਾਏ ਦੀ ਪੁਰੀ ਭੀ ਅਖੀਂ ਵੇਖੀ ਸਣੇ ਧਰਮ ਰਾਉ ਦੇ- ਅਤੇ ਉਥੇ (ਧਰਮ ਰਾਏ ਦੀ ਪੁਰੀ ਵਿਖੇ) ਧਰਮ ਰਾਏ ਦੇ ਮਹਾਂਬਲੀ ਜਮਦੂਤਾਂ ਦੇ ਦਲਾਂ ਦੇ ਦਲ ਭੀ ਦੇਖੇ- ਜੋ ਧਰਮ ਰਾਏ ਦੇ ਹੁਕਮ ਅੰਦਰ ਪਾਪੀਆਂ ਦੀ ਦੁਰਗਤੀ ਕਰਦੇ ਹੋਏ ਦੇਖੇ ਗਏ। ਤਿਨ੍ਹਾਂ ਦੇ ਅੱਗੇ ਕੋਈ ਖੜੋ ਨਹੀਂ ਸਕਦਾ, ਤਿਨ੍ਹਾਂ ਦੀ ਵਿਕਰਾਲ ਦਸ਼ਾ ਨੂੰ ਦੇਖ ਕੇ ਐਸੇ ਤਰਾਹਮਾਨ ਅਤੇ ਤਰਸਮਾਨ ਹੋਈਦਾ ਹੈ ਕਿ ਉਨ੍ਹਾਂ ਦੀ ਹਾਲਤ ਦੇਖੀ ਨਹੀਂ ਜਾਂਦੀ...... ਨਰਕ ਸੁਰਗ ਅਸਥਾਨ ਭੀ ਹਨ। ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀ ਆਦਿ ਪੁਰੀਆਂ ਭੀ ਹਨ। ਇਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਹੋ ਸਕਦਾ-ਪਰ ਗੁਰਸਿੱਖਾਂ ਨਾਮਰਸੀਆਂ ਪੁਰ ਇਨ੍ਹਾਂ ਦਾ ਕੋਈ ਅਸਰ ਨਹੀਂ ।

ਗੁਰਪੁਰੀ ਤੇ ਜਮਪੁਰੀ ਵਿੱਚ ਬੜਾ ਵਿਤਕਰਾ ਅਰਥਾਤ ਫਾਸਲਾ ਹੈ-ਜਮ ਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿੱਚ ਰੈਹ ਜਾਂਦੀ ਹੈ, ਅਤੇ ਗੁਰਪੁਰੀ, ਵਾਹਿਗੁਰੂ ਦਰਬਾਰ ਸਾਮਿਲਵੀਂ, ਉਚੇ ਮੰਡਲਾਂ ਦੇ ਸਿਖਰ ਤੇ ਹੈ, ਜਿਥੇ ਪੁੱਜੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਰਸਾਈ ਹੈ। ਏਹੋ ਗਗਨ ਮੰਡਲੀ ਤਬਕੇ (Regions) ਵੱਖੋ



www.AKJ.Org

ਵੱਖ ਹਨ। ਇਸ ਅਥਾਹ ਅਗੰਮ ਪੁਲਾੜ (ਆਕਾਸ਼) ਵਿੱਚ ਅਣਗਿਣਤ ਹੀ ਅਣਦਿਸਦੇ ਮੰਡਲ (ਸਫੀਅਰ Spheres) ਹਨ ਜੋ ਘੁੱਗ ਵਸਦੇ ਹਨ।

......ਹਰ ਦਰਗਾਹ ਅੰਦਰ, ਹਰ ਦਰਗਾਹੀ ਦਰਬਾਰ ਅੰਦਰ, ਕੋਟਿ ਹਰ ਦਾਸਾ ਦੀ ਦੁਨੀਆਂ ਵਸ ਰਹੀ ਹੈ। ਜੋ ਨਿਮਖ ਨਿਮਖ ਨਿਰੰਕਾਰ ਦੇ ਸੰਗੀ ਸਾਥੀ ਹੋਇ ਕੇ ਵਸ ਰਹੇ ਹਨ। ਇਹ ਅਗੰਮੀ ਦੁਨੀਆਂ ਇਸ ਲੋਕ ਦੇ ਦੁਨੀਆਂਦਾਰਾਂ ਦੀ ਦ੍ਰਿਸ਼ਟੀ ਤੋਂ ਅਗਮ ਅਗੋਚਰ ਹੈ, ਪਰ ਐਸੀ ਹੀ ਘੁੱਗ ਵਸ ਰਹੀ ਹੈ ਜੈਸੀ ਦ੍ਰਿਸ਼ਟਮਾਨ ਦੁਨੀਆਂ, ਸਗੋਂ ਉਹ ਵਧੇਰੀ ਘੁੱਗ ਵਸਦੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲਿਖਤ ਵਿੱਚੋਂ ਉਪੱਰ ਦਿੱਤੀਆਂ ਤੁਕਾਂ, ਆਪਣੇ ਆਪ ਵਿੱਚ ਇਤਨੀਆਂ ਸਪਸ਼ਟ ਹਨ ਕਿ ਇਨ੍ਹਾਂ ਦੀ ਹੋਰ ਵਿਆਖਿਆ ਦੀ ਕੋਈ ਲੋੜ ਨਹੀਂ ਹੈ। ਪੰਜਾਂ ਖੰਡਾਂ ਦੀ ਬਣਤਰ ਬਾਰੇ ਇੱਕ ਨੁਕਤਾ ਐਸਾ ਹੈ ਜੋ ਆਮ ਸਮਝ ਵਿੱਚ ਆਉਣਾ ਕਠਿਨ ਪ੍ਰਤੀਤ ਹੁੰਦਾ ਹੈ। ਉਹ ਨੁਕਤਾ ਇਹ ਹੈ ਕਿ ਸਾਰੇ ਹੀ ਖੰਡ, ਸਮੇਤ ਸਾਡੇ ਮਾਤ ਲੋਕ ਦੇ, ਇਕ ਦੂਸਰੇ ਦੇ ਅੰਤਰ-ਗਤਿ ਕਿਵੇਂ ਹੋਏ ? ਇਸ ਹਕੀਕਤ ਨੂੰ ਗੁਰਬਾਣੀ ਨੇ ਇਹ ਆਖ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ " ਤੂੰ ਦਰਿਆਉ ਸਭ ਤੁਝ ਹੀ ਮਾਹਿ।। ਤੁਝਿ ਬਿਨੁ ਦੂਜਾ ਕੋਈ ਨਾਹਿ।।" (ਪੰਨਾ ੯੪੧) ਜਿਵੇਂ ਦਰਿਆ ਦੇ ਅੰਦਰ ਅਨੇਕ ਜੀਵ ਵਸਦੇ ਹਨ-ਦਰਿਆ ਉਨ੍ਹਾਂ ਤੋਂ ਪਰੇ ਤੇ ਕਿਤੇ ਵੱਖਰਾ ਨਹੀਂ ਹੁੰਦਾ, ਇਸੇ ਤਰ੍ਹਾਂ ਹੀ, ਕੁੱਲ-ਕ਼ਾਇਨਾਤ, ਸੱਚ ਖੰਡ ਦੇ ਅੰਤਰ ਹੀ ਵਸਦੀ ਹੈ।

ਆਓ ਇਸ ਹਕੀਕਤ ਨੂੰ ਇਕ ਹੋਰ ਉਦਾਹਰਣ ਨਾਲ ਭੀ ਸਮਝਣ ਦੀ ਕੋਸ਼ਿਸ਼ ਕਰੀਏ। ਜੁਗਰਾਫੀਏ (Geography) ਦੀ ਵਿਦਿਆ ਦੇ ਵਿਦਵਾਨ ਦੱਸਦੇ ਹਨ ਕਿ ਜਿਸ ਤਰ੍ਹਾਂ ਸਾਡੀ ਧਰਤੀ ਤੇ ਨਦੀ ਨਾਲੇ ਅਤੇ ਦਰਿਆ ਵਗਦੇ ਹਨ ਇਸੀ ਤਰ੍ਹਾਂ ਹੀ ਸਮੁੰਦਰ ਦੇ ਅੰਦਰ ਭੀ ਪਾਣੀ ਦੇ ਦਰਿਆ ਵਗਦੇ ਹਨ। ਜਿਨ੍ਹਾਂ ਨੂੰ ਉਹ "ਰੌ" ਆਖਦੇ ਹਨ। ਇਹ ਦਰਿਆ ਰੂਪੀ ਰੌਆਂ, ਕੁਝ ਤਾਂ ਗਰਮ ਪਾਣੀ ਦੀਆਂ ਹਨ, ਕੁਝ ਠੰਡੇ ਪਾਣੀ ਦੀਆਂ ਅਤੇ ਕੁਝ ਸਧਾਰਨ ਪਾਣੀ ਦੀਆਂ ਹਨ। ਕਿਸੀ ਕਿਸੀ ਥਾਂ ਇਹ ਰੌਆਂ, ਇੱਕ ਦੂਸਰੀ ਨਾਲ ਆਪੋ ਵਿੱਚ ਮਿਲ ਭੀ ਜਾਂਦੀਆਂ ਹਨ। ਜਦੋਂ ਕਿਤੇ ਗਰਮ ਅਤੇ ਠੰਡੇ ਪਾਣੀ ਦੀਆਂ ਰੌਆਂ ਆਪੋ ਵਿੱਚ ਮਿਲਦੀਆਂ ਹਨ ਤਾਂ ਉਥੇ ਅਤਿ ਦੀ ਧੁੰਦ ਪੈਦਾ ਹੋ ਜਾਂਦੀ ਹੈ। ਅਮਰੀਕਾ ਦੇ ਕੰਢੇ ਦੇ ਨਜ਼ਦੀਕ, ਨੀਊਫਾਊਂਡ ਲੈਂਡ ਨਾਮੇ ਟਾਪੂ ਵਿੱਚ ਦੁਨੀਆਂ ਭਰ ਵਿਚੋਂ ਸਭ ਤੋਂ ਵੱਧ ਧੁੰਦ ਇਸ ਕਰਕੇ ਪੈਂਦੀ ਹੈ ਕਿ ਉਥੇ ਗਰਮ ਤੇ ਠੰਡੇ ਪਾਣੀ ਦੀਆਂ ਰੌਆਂ ਆਪੋ ਵਿੱਚ ਮਿਲਦੀਆਂ ਹਨ। ਜਿਨ੍ਹਾਂ ਸੱਜਣਾਂ ਨੂੰ ਇਨ੍ਹਾਂ ਰੌਆਂ ਬਾਰੇ ਪਹਿਲਾਂ ਪਤਾ ਨਹੀਂ ਹੈ ਉਨ੍ਹਾਂ ਨੂੰ ਇਹ ਗੱਲ ਭੀ ਅਨੋਖੀ ਜਿਹੀ ਪਰਤੀਤ ਹੋਵੇਗੀ-ਪਰ ਇਹ ਹੈ ਹਕੀਕਤ-ਜੁਗਰਾਫੀਏ ਦੇ ਵਿਦਵਾਨਾਂ ਪਾਸ ਦੁਨੀਆਂ ਭਰ ਦੇ ਸਮੁੰਦਰਾਂ ਵਿੱਚ ਵਗਦੀਆਂ ਰੌਆਂ ਦੇ ਨਕਸ਼ੇ ਮੌਜੂਦ ਹਨ।

ਸਮੁੰਦਰ ਵਿੱਚ ਅਨੇਕਾਂ ਰੌਆਂ ਹਨ-ਇਨ੍ਹਾਂ ਰੌਆਂ ਵਿੱਚ ਅਨੇਕ ਜੀਵਾਂ ਦਾ ਵਾਸਾ ਹੈ। ਇੱਕ ਰੌ ਦੇ ਜੀਵ, ਦੂਸਰੀ ਰੌ ਦੇ ਜੀਵਾਂ ਨੂੰ, ਆਪਣੇ ਤੋਂ ਕਿਤੇ ਵੱਖਰੀ ਥਾਂ ਵਸਦੇ ਹੋਏ ਸਮਝਦੇ ਹੋਣਗੇ। ਪਰ ਰੌਆਂ ਸਮੁੰਦਰ ਦੇ ਅੰਤਰ-ਗਤ ਹਨ ਤੇ ਰੌਆਂ ਦੇ ਅੰਤਰ-ਗਤਿ ਜੀਵ ਹਨ, ਉਨ੍ਹਾਂ ਜੀਵਾਂ ਦੇ ਅੰਤਰ-ਗਤਿ, ਹੋਰ ਅਨੇਕਾਂ ਜੀਵਾਣੂੰ (Germ) ਭੀ ਹੁੰਦੇ ਹਨ। ਇਸ ਤਰ੍ਹਾਂ ਜੀਵਾਣੂੰ, ਜੀਵ ਦੇ ਅੰਤਰ-ਗਤਿ, ਜੀਵ, ਰੌ ਦੇ ਅੰਤਰ-ਗਤਿ ਅਤੇ ਰੌ, ਸਮੁੰਦਰ ਦੇ ਅੰਤਰ-ਗਤਿ ਹੁੰਦੇ ਹੋਏ, ਇਹ ਸਾਰਾ ਪਸਾਰਾ ਸਮੁੰਦਰ ਦੇ ਅੰਤਰ-ਗਤਿ ਹੀ ਹੁੰਦਾ ਹੈ। ਇਸੀ ਤਰ੍ਹਾਂ ਹੀ ਕੁਦਰਤ ਦਾ ਸਾਰਾ ਹੀ ਪਸਾਰਾ, ਸੱਚ ਖੰਡ ਦੇ ਅੰਤਰ-ਗਤਿ ਵਸਦਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਉੱਪਰ ਦਿੱਤੇ ਬਿਆਨ ਦੀ ਪੁਸ਼ਟੀ, ਸਾਇੰਸਦਾਨਾਂ ਨੇ ਭੀ ਕੀਤੀ ਹੈ, ਪਰ ਮੁਸ਼ਕਿਲ ਇਹ ਹੈ ਕਿ ਜਿਨ੍ਹਾਂ ਵੀਰਾਂ ਪਾਸ ਸਾਇੰਸ ਦੀ ਥੋੜ੍ਹੀ ਬਹੁਤੀ ਭੀ ਜਾਣਕਾਰੀ ਨਹੀਂ ਹੈ ਉਨ੍ਹਾਂ ਲਈ ਇਹ ਸਿਧਾਂਤ (Theory) ਨੂੰ ਸਮਝਣਾ ਸ਼ਾਇਦ ਕੁਝ ਮੁਸ਼ਕਿਲ ਹੋਵੇ। ਆਪ ਸਾਰੇ ਹੀ ਜਾਣਦੇ ਹੋ ਕਿ ਦੁਨੀਆਂ ਅੰਦਰ ਕਿਤਨੇ ਰੇਡੀਓ ਅਤੇ ਟੈਲੀਵੀਜਨ ਸਟੇਸ਼ਨ ਹਨ। ਸਭ ਵਖੋ ਵਖ ਵੇਵ ਲੈਂਗਥ ( Wave Length) ਅਤੇ ਵਖੋ ਵਖ ਫਰੀਕੁਐਂਸੀ (Frequency) ਤੇ ਆਪੋ ਆਪਣੇ ਪ੍ਰੋਗਰਾਮ ਨਸ਼ਰ ਕਰਦੇ ਹਨ। ਇਨ੍ਹਾਂ ਵਲੋਂ ਨਸ਼ਰ ਕੀਤੀਆਂ ਆਵਾਜ਼ਾਂ ਜਾਂ ਤਸਵੀਰਾਂ, ਸੈਂਕੜੇ ਹੀ ਨਹੀਂ, ਸ਼ਾਇਦ ਹਜ਼ਾਰਾਂ ਦੀ ਗਿਣਤੀ ਵਿੱਚ 'ਪੁਲਾੜ' ਵਿੱਚ ਘੁੰਮਦੀਆਂ ਫਿਰਦੀਆਂ ਹਨ। ਇਹ ਸਾਰੀਆਂ ਹੀ ਅਵਾਜ਼ਾਂ ਅਤੇ ਤਸਵੀਰਾਂ, ਸਾਡੇ ਕਮਰੇ ਵਿੱਚ ਭੀ ਮੌਜੂਦ ਹਨ। ਪਰ ਸਾਨੂੰ, ਨਾ ਇਹ ਸੁਣਦੀਆਂ ਹਨ ਅਤੇ ਨਾ ਹੀ ਨਜ਼ਰ ਆਉਂਦੀਆਂ ਹਨ। ਜਦੋਂ ਹੀ ਅਸੀਂ ਆਪਣੇ ਰੇਡੀਓ ਜਾਂ ਟੈਲੀਵੀਜਨ ਨੂੰ ਕਿਸੀ ਖ਼ਾਸ ਫਰੀਕੁਐਂਸੀ ਨਾਲ ਟੀਊਨ (Tune) ਕਰਦੇ ਜਾਂ ਜੋੜਦੇ ਹਾਂ ਤਾਂ ਉਸ ਫਰੀਕੁਐਂਸੀ ਤੇ ਆ ਰਹੀ ਆਵਾਜ਼ ਭੀ ਸੁਣਦੀ ਹੈ ਤੇ ਤਸਵੀਰ ਭੀ ਨਜ਼ਰ ਆਉਣ ਲੱਗ ਜਾਂਦੀ ਹੈ।

ਰੇਡੀਓ ਅਤੇ ਟੈਲੀਵੀਜਨ ਸਟੇਸ਼ਨਾਂ ਤੋਂ, ਸਾਡੇ ਘਰ ਦੇ ਰੇਡੀਓ ਜਾਂ ਟੈਲੀਵੀਜਨ ਤੱਕ ਆਵਾਜ਼ ਜਾਂ ਤਸਵੀਰ ਪਹੁੰਚਾਣ ਵਾਲੀਆਂ ਜਿਤਨੀਆਂ ਭੀ ਵੇਵ ਲੈਂਗਥਸ ਅਤੇ ਫਰੀਕੁਐਂਸੀਜ਼ ਹਨ ਇਹ ਸਭ, ਇਲੈਕਟਰੋ-ਮੈਗਨੈਟਿਕ-



www.AKJ.Org

ਸਪੈਕਟਰਮ ਦੀ ਥਰ-ਥਰਾਹਟ ਜਾਂ Viberation ਤੋਂ ਪੈਦਾ ਹੁੰਦੀਆਂ ਹਨ। ਸਾਡੇ ਮਾਤ ਲੋਕ (Universe) ਦੀ ਉਪਜ ਭੀ ਇਸੀ ਸਪੈਕਟਰਮ ਤੋਂ ਹੋਈ ਹੈ। ਇਸੀ ਸਪੈਕਟਰਮ ਤੋਂ, ਰੌਸ਼ਨੀ, ਇਲੈਕਟਰੋਨ ਪ੍ਰੋਟੋਨ ਅਤੇ ਨੀਊਟਰੋਨ, ਐਟਮ, ਮੌਲੀਕੀਊਲ, ਐਲੀਮੈਂਟ ਅਤੇ ਕੰਪਾਊਂਡ ਦੀ ਬਣਤਰ ਤੋਂ ਇਸ ਸੰਸਾਰ ਦੀ ਰਚਨਾ ਹੋਈ। ਦੂਸਰੇ ਲਫ਼ਜ਼ਾਂ ਵਿੱਚ ਸਾਡਾ ਸੰਸਾਰ ਭੀ ਇਲੈਕਟਰੋ-ਮੈਗਨੈਟਿਕ-ਸਪੈਕਟਰਮ ਦੀ ਉਸੀ ਤਰ੍ਹਾਂ ਹੀ ਪੈਦਾਵਾਰ ਹੈ ਜਿਵੇਂ ਰੇਡੀਓ, ਟੈਲੀਵੀਜਨ ਦੀ ਆਵਾਜ਼ ਅਤੇ ਤਸਵੀਰ ਹੈ। ਠੀਕ ਇਸੀ ਤਰ੍ਹਾਂ ਹੀ ਦੂਸਰੇ ਸੰਸਾਰ, ਖੰਡ ਜਾਂ Universes ਭੀ ਇਲੈਕਟਰੋ-ਮੈਗਨੈਟਿਕ-ਸਪੈਕਟਰਮ ਤੋਂ ਪੈਦਾ ਹੁੰਦੇ ਹਨ। ਸਾਡਾ ਮਾਤ ਲੋਕ ਇਸ ਸਪੈਕਟਰਮ ਦੀ 390 ਤੋਂ 750 ਨਾਨੋ-ਮੀਟਰ ਦੀ ਵੇਵ ਲੈਂਗਥ ਤੋਂ ਪੈਦਾ ਹੁੰਦਾ ਹੈ ਤੇ ਦੂਸਰੇ ਸੰਸਾਰ ਕਿਸੀ ਹੋਰ ਵੇਵ ਲੈਂਗਥ ਤੋਂ ਪੈਦਾ ਹੁੰਦੇ ਹੋਣਗੇ ਜਿਨ੍ਹਾਂ ਬਾਰੇ ਸਾਨੂੰ ਹਾਲੇ ਕੋਈ ਪਤਾ ਨਹੀਂ ਹੈ। ਹੋ ਸਕਦਾ ਹੈ ਕਿ ਇਹ ਸਾਰੇ ਹੀ ਲੋਕ ਜਾਂ ਖੰਡ ਜਾਂ Universes ਭੀ ਸਾਡੇ ਕਮਰੇ ਵਿੱਚ ਮੌਜੂਦ ਤੇ ਰੇਡੀਓ ਜਾਂ ਟੈਲੀਵੀਜਨ ਦੀ ਲਹਿਰਾਂ ਵਾਂਗੂੰ ਇਕ ਦੂਸਰੇ ਨਾਲ ਰਲ ਮਿਲ ਕੇ ਗਡਮਡ ਹੋਏ ਹੋਣ। ਸਾਨੂੰ ਉਹ ਹੀ ਲੋਕ ਜਾਂ ਖੰਡ ਨਜ਼ਰ ਆਏਗਾ ਜਿਸ ਨਾਲ ਸਾਡੀ ਸੁਰਤ (Conciousness) ਜੁੜੀ ਜਾਂ Tune ਹੋਈ ਹੋਵੇਗੀ, ਬਾਕੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸੁਰਤ, ਇਨ੍ਹਾਂ ਪੰਜਾਂ ਖੰਡਾਂ ਨਾਲ ਜੁੜੀ। ਉਨ੍ਹਾਂ ਜੋ ਕੁਝ ਦੇਖਿਆ, ਜਪੁ ਜੀ ਸਾਹਿਬ ਵਿੱਚ ਦਰਜ ਕਰ ਦਿੱਤਾ। ਇਸ ਜ਼ਮਾਨੇ ਵਿੱਚ, ਭਾਈ ਰਣਧੀਰ ਸਿੰਘ ਜੀ ਦੀ ਸੁਰਤ ਇਨ੍ਹਾਂ ਖੰਡਾਂ ਨਾਲ ਜੁੜੀ, ਉਨ੍ਹਾਂ ਜੋ ਕੁਝ ਦੇਖਿਆ 'ਸੱਚ ਖੰਡ ਦਰਸ਼ਨ' ਅਤੇ 'ਅਣਡਿੱਠੀ ਦੁਨੀਆਂ' ਵਿੱਚ ਲਿਖ ਦਿੱਤਾ।

ਇਹ ਕਹਾਣੀ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਹੀ ਨਹੀਂ ਮੁੱਕ ਜਾਂਦੀ। ਅਮਰੀਕਨ ਸਾਇੰਸਦਾਨ ਰਾਬਰਟ-ਏ-ਮਾਨਰੋਏ ਆਪਣੀ ਮਰਜੀ ਨਾਲ, ਜਦੋਂ ਉਸਦਾ ਜੀ ਚਾਹੁੰਦਾ ਹੈ, ਆਪਣੇ ਸੂਖ਼ਸ਼ਮ ਸਰੀਰ ਨੂੰ ਸਥੂਲ ਸਰੀਰ ਤੋਂ ਵੱਖ ਕਰ ਲੈਂਦਾ ਹੈ। ਉਹ ਆਪਣੇ ਸੂਖ਼ਸ਼ਮ ਸਰੀਰ ਨਾਲ ਦੂਸਰੇ ਲੋਕਾਂ ਜਾਂ ਖੰਡਾਂ ਵਿੱਚੋਂ ਕਈ ਇੱਕ ਦੀ ਕਈ ਵਾਰ ਸੈਰ ਭੀ ਕਰ ਆਇਆ ਹੈ ਜਿਥੇ ਉਸ ਨੂੰ ਕੁਝ ਮਰ ਚੁੱਕੇ ਬੰਦੇ, ਜਿਨ੍ਹਾਂ ਨੂੰ ਉਹ ਜਾਣਦਾ ਸੀ, ਭੀ ਮਿਲੇ। ਉਥੇ ਉਸ ਨੂੰ ਇੱਕ ਐਸਾ ਸੱਜਨ ਭੀ ਮਿਲਿਆ ਜਿਸ ਨੂੰ ਕਿਸੇ ਨੇ ਕਤਲ ਕਰ ਦਿੱਤਾ ਸੀ ਪਰ ਕਾਤਲ ਦਾ ਕੋਈ ਪਤਾ ਨਾ ਲੱਗਾ। ਮਿਸਟਰ ਮਾਨਰੋਏ ਨੇ ਉਸ ਨੂੰ ਪੁੱਛਿਆ ਕਿ ਉਸ ਨੂੰ ਕਿਸ ਨੇ ਕਤਲ ਕੀਤਾ ਸੀ ? ਉਸ ਬੰਦੇ ਨੇ ਆਪਣੇ ਕਾਤਲ ਅਤੇ ਕਤਲ ਬਾਰੇ ਸਾਰੀ ਕਹਾਣੀ ਦੱਸੀ। ਮਿਸਟਰ ਮਾਨਰੋਏ ਨੇ ਵਾਪਸ ਆ ਕੇ ਪੋਲੀਸ ਨੂੰ ਸਾਰੀ ਕਹਾਣੀ ਸੁਣਾਈ। ਕਾਤਲ ਪਕੜਿਆ ਗਿਆ ਜਿਸ ਨੇ ਦੱਸੀ ਕਹਾਣੀ ਅਨੁਸਾਰ ਹੀ ਜੁਰਮ ਦਾ ਇਕਬਾਲ ਕੀਤਾ। ਇਹ ਕਹਾਣੀ ਲਿਖਣ ਦਾ ਭਾਵ ਇਹ ਹੈ ਕਿ ਮਿਸਟਰ ਮਾਨਰੋਏ ਜ਼ਰੂਰ ਕਿਸੀ ਦੂਸਰੇ ਲੋਕ ਵਿੱਚ ਜਾ ਕੇ ਆਇਆ-ਉਸ ਨੇ ਕਿਸੀ ਅਣਡਿੱਠੀ ਦੁਨੀਆਂ ਜਾਂ ਦੁਨੀਆਵਾਂ ਦੇ ਕਈ ਸਫ਼ਰ ਕੀਤੇ। ਉਹ ਆਪਣੀ ਲਿਖਤ ਵਿੱਚ ਇਸ ਮਾਤ ਲੋਕ ਨੂੰ LOCALE I ਦਾ ਨਾਮ ਦਿੰਦਾ ਹੈ ਤੇ ਦੂਸਰੀ ਦੁਨੀਆਂ ਜਾਂ ਦੁਨੀਆਵਾਂ ਨੂੰ LOCALE II ਆਖਦਾ ਹੈ- ਇਨ੍ਹਾਂ ਦੂਸਰੇ ਲੋਕਾਂ ਜਾਂ ਖੰਡਾਂ ਬਾਰੇ ਉਹ ਆਪਣੀ ਪੁਸਤਕ "ਜ਼ਰਨੀਜ਼ ਆਊਟ ਆਫ਼ ਦੀ ਬੌਡੀ" (Journies Out Of the Body) ਵਿੱਚ ਜ਼ਿਕਰ ਕਰਦਾ ਹੈ।

ਮਿਸਟਰ ਮਾਨਰੋਏ ਦੇ ਇਸ ਵਿਚਾਰ ਦੀ ਪੁਸ਼ਟੀ ਇੰਗਲੈਂਡ ਦੀ ਮਿਸਿਜ਼ ਬੈਟੀ ਸ਼ਾਈਨ (Betty Shine) ਨੇ ਆਪਣੀ ਪੁਸਤਕ 'ਮਾਈਂਡ ਟੂ ਮਾਈਂਡ' (Mind to Mind) ਵਿੱਚ, ਪੁਨਰ ਜਨਮ ਦੇ ਸਿਧਾਂਤ ਤੇ ਵਿਚਾਰ ਕਰਦਿਆਂ ਹੋਇਆਂ ਇਨ੍ਹਾਂ ਸ਼ਬਦਾਂ ਨਾਲ ਕੀਤੀ ਹੈ ਕਿ -".....ਇਹ ਜ਼ਰੂਰੀ ਨਹੀਂ ਕਿ ਮਰਨ ਉਪਰੰਤ ਲੋਕ ਮੁੜ ਇਸ ਹੀ ਧਰਤੀ ਤੇ ਵਾਪਸ ਆਉਣ, ਕਿਉਂਕਿ ਸੰਸਾਰ ਵਿੱਚ ਹੋਰ ਭੀ ਧਰਤੀਆਂ ਹਨ ਜਿਨ੍ਹਾਂ ਤੇ ਉਹ ਮੁੜ ਕੇ ਜਨਮ ਲੈ ਸਕਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਧਰਤੀਆਂ ਸਾਨੂੰ ਨਜ਼ਰ ਨਹੀਂ ਆਉਂਦੀਆਂ ਕਿਉਂਕਿ ਉਨ੍ਹਾਂ ਦੀ ਕੰਬਣੀ (Viberation) ਦੀ ਫਰੀਕੁਐਂਸੀ ਵੱਖਰੀ ਹੈ-ਸੰਸਾਰ ਬੇਅੰਤ (Infinite) ਹੈ ਜਿਸ ਦੇ ਅੰਦਰ ਦੁਨੀਆਵਾਂ ਦੇ ਅੰਦਰ ਦੁਨੀਆਵਾਂ, ਅਤੇ ਉਨ੍ਹਾਂ ਦੇ ਅੰਦਰ ਹੋਰ ਦੁਨੀਆਵਾਂ ਨਾਲ ਭਰਿਆ ਪਿਆ ਹੈ। ਉਨ੍ਹਾਂ ਵਿਚੋਂ ਕੁਝ ਧਰਤੀ ਦੇ ਲੈਵਲ ਤੋਂ ਬਹੁਤ ਉਚੇ ਲੈਵਲ ਤੇ ਕੰਬਦੀਆਂ (viberate ਕਰਦੀਆਂ) ਹਨ। ਅਸੀਂ ਇਥੇ (ਇਸ ਧਰਤੀ ਤੇ) ਇਸ ਕਰਕੇ ਵਾਪਸ ਆਉਂਦੇ (ਜਨਮ ਲੈਂਦੇ) ਹਾਂ ਕਿਉਂਕਿ ਅਸੀਂ ਹਾਲੇ ਇਤਨੀ ਤਰੱਕੀ (Progress) ਨਹੀਂ ਕੀਤੀ ਹੁੰਦੀ ਕਿ ਅਸੀਂ ਉਨ੍ਹਾਂ ਉੱਚੇ ਦਰਜੇ ਦੀਆਂ ਦੁਨੀਆਵਾਂ ਤੇ ਜਨਮ ਲੈਣ ਦੇ ਕਾਬਿਲ ਹੋਈਏ।

ਇਨ੍ਹਾਂ ਉਪਰ ਦਿੱਤੇ ਹਵਾਲਿਆਂ ਦੀ ਰੌਸ਼ਨੀ ਵਿੱਚ, ਜਪੁਜੀ ਸਾਹਿਬ ਵਿੱਚ ਦਰਜ ਪੰਜਾਂ ਖੰਡਾਂ ਦੀ ਹਕੀਕਤ ਨੂੰ ਵਿਚਾਰੀਏ ਤੇ ਸਾਫ਼ ਸਿੱਧ ਹੁੰਦਾ ਹੈ ਕਿ ਇਹ ਖੰਡ, ਨ ਤਾਂ ਮਨ ਦੀ ਸੋਚ ਉਡਾਰੀ ਦੀਆਂ ਹੀ ਅਵਸਥਾਵਾਂ ਹਨ ਅਤੇ ਨਾ ਹੀ ਨਾਮ ਅਭਿਆਸ ਕਮਾਈ ਦੇ ਰਾਹ ਵਿੱਚ ਆਉਂਦੇ ਕੋਈ ਵੱਖੋ ਵੱਖ ਪੜਾਉ ਹੀ ਹਨ, ਸਗੋਂ ਕੁਦਰਤ ਦੀ ਕਾਇਨਾਤ ਦੇ ਅੰਦਰ, ਸਾਡੇ ਮਾਤ ਲੋਕ ਵਾਂਗੂੰ, ਘੁੱਗ ਵਸਦੇ, ਵਖੋ ਵਖ ਤਬਕੇ, Regions, Spheres ਜਾਂ Universes ਹਨ। ○



www.AKJ.Org

# ਮਾਈ ਮਾਇਆ ਛਲੁ

(ਪ੍ਰਿੰਸੀਪਲ ਮੋਹਰ ਸਿੰਘ ਜੀ)

ਵਖੋ ਵਖਰੇ ਧਰਮਾਂ ਦੇ ਖੋਜੀਆਂ ਤੇ ਆਗੂਆਂ ਨੇ ਜਿਥੇ ਵਾਹਿਗੁਰੂ ਦੀ ਹੋਂਦ ਤੇ ਰੂਪ ਰੰਗ ਦੀ ਖੋਜ ਭਾਲ ਵਿਚ ਟੱਕਰਾਂ ਮਾਰੀਆਂ ਤੇ ਅਖੀਰ ਥਕ ਕੇ ਨੇਤ (ਨ+ਇਤੀ) ਦਾ ਸ਼ਬਦ ਹੀ ਕਹਿ ਸਕੇ ਉਥੇ ਨਾਲ ਹੀ ਨਾਲ ਉਸਦੀ ਰਚਨਾ ਦੇ ਬਾਰੇ ਵੀ ਖੋਜ ਕਰਦਿਆਂ ਕਰਦਿਆਂ ਵੀ ਉਨ੍ਹਾਂ ਨੂੰ ਸਿਰਜਨਹਾਰ ਦੀ ਸ੍ਰਿਸ਼ਟੀ ਦਾ ਕੋਈ ਭੇਦ ਨਾ ਪਤਾ ਲੱਗ ਸਕਿਆ ਪਰ ਜਿਥੋਂ ਤੱਕ ਉਨ੍ਹਾਂ ਦੀ ਅਕਲ ਦੇ ਘੋੜਿਆਂ ਦੀ ਦੌੜ ਅਪੜ ਸਕੀ ਉਹ ਉਸਦੀ ਰਚਨਾ ਦੇ ਬਾਰੇ ਇਹੋ ਹੀ ਕਹਿ ਸਕੇ ਕਿ ਜਿੰਨੀ ਮਗਜ਼ਮਾਰੀ ਕਰੋ ਉਸ ਦਾਤੇ ਦੀ ਰਚਨਾ ਦਾ ਭੇਦ ਵੀ ਪਰੇ ਤੋਂ ਪਰੇ ਹੀ ਹੈ। ਪਰ ਜਿਥੋਂ ਤਕ ਉਨ੍ਹਾਂ ਦੀ ਖੋਜ ਦੇ ਨਤੀਜੇ ਦਾ ਸਨਬੰਧ ਹੈ ਉਹ ਜੇ ਅਸੀਂ ਕਹੀਏ ਕਿ ਉਸ ਦੀ ਰਚਨਾ ਬਾਰੇ ਵੀ "ਨਾ ਦੇ ਬਰਾਬਰ" ਹੀ ਪਤਾ ਕਰ ਸਕੇ ਕਿ ਇਹ ਹੀ ਕਿਹਾ ਕਿ ਸ੍ਰਿਸ਼ਟੀ ਜਿਥੇ *"ਸਚੇ ਕੀ ਹੈ ਕੋਠੜੀ"* ਹੈ ਉਥੇ ਮਾਇਆ ਨਾਲ ਵੀ ਭਰਪੂਰ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਸਪਸ਼ਟ ਕਰਦਿਆਂ ਹੋਇਆਂ ਬੜੇ ਖੁਲ੍ਹੇ ਢੰਗ ਨਾਲ ਸਾਡੇ ਦੁਨਿਆਂਦਾਰਾਂ ਵਾਸਤੇ ਸ੍ਰਿਸ਼ਟੀ ਰਚਨਾ ਨੂੰ ਸਮਝਣ ਵਿਚ ਆਸਾਨੀ ਪੈਦਾ ਕਰਨ ਲਈ ਫੁਰਮਾਇਆ ਹੈ–

ਇਹੁ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ।।
ਇਕਨਾ ਹੁਕਮਿ ਸਮਾਇ ਲਏ,
ਇਕਨਾ ਹੁਕਮੇ ਕਰੇ ਵਿਣਾਸੁ।।
ਇਕਨਾ ਭਾਣੈ ਕਢਿ ਲਏ,
ਇਕਨਾ ਮਾਇਆ ਵਿਚਿ ਨਿਵਾਸੁ।। (ਪੰਨਾ ੪੬੩)

ਸਾਫ ਜ਼ਾਹਿਰ ਹੈ ਕਿ ਦਾਤੇ ਦਾ "ਹੁਕਮ", ਉਸ ਦਾਤੇ ਦਾ ਉਤਮ ਫੁਰਮਾਨ ਹੈ, ਤੇ ਇਸ ਤੋਂ ਉਲਟ ਚਲਨਾ ਯਾ ਕਰਨਾ ਯਾ ਦਾਤਾ ਜਿਸਨੂੰ ਆਪ ਹੁਕਮ ਵਲ ਨਾ ਲਾਏ, ਇਹ ਸਭ ਕੁਝ ਮਾਇਆ ਹੈ, ਯਾ ਇਉਂ ਕਹਿ ਲਵੋ ਕਿ ਜੇਹੜੀ ਸ਼ਕਤੀ ਸਾਨੂੰ ਵਾਹਿਗੁਰੂ ਵਲ ਪਰੇਰਦੀ ਹੈ ਉਹ ਸੱਤ ਹੈ ਤੇ ਜੇਹੜੀ ਸ਼ਕਤੀ ਸਾਨੂੰ ਉਸ ਤੋਂ ਦੂਰ ਲੈ ਜਾਂਦੀ ਹੈ ਉਹ "ਮਾਇਆ" ਹੈ ਜਿਸ ਦੇ ਫਲ ਸਰੂਪ ਪਹਿਲੀ ਹਾਲਤ ਵਿਚ ਤੇ ਸੁਖ ਸਹਿਜ ਦੀ ਪ੍ਰਾਪਤੀ ਹੁੰਦੀ ਹੈ ਤੇ ਦੂਜੀ ਹਾਲਤ ਵਿਚ ਭਟਕਨਾ (ਮਨ ਦਾ), ਗੁਮਰਾਹੀ, ਆਤਮਿਕ ਅਸ਼ਾਂਤੀ ਤੇ ਦਾਤੇ ਤੋਂ ਦੂਰੀ (ਵਿਜੋਗ) ਆਦਿ ਨਤੀਜੇ ਨਿਕਲਦੇ ਹਨ, ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਇਸ ਮਾਇਆ ਦੇ ਅਸਰ ਵਿੱਚ ਮਨੁੱਖ ਆਪਣੀ ਅਸਲੀਅਤ ਨੂੰ ਬਿਲਕੁਲ ਭੁਲਾ ਕੇ ਆਪਣੇ ਆਪ ਨੂੰ ਇਸ ਫਾਹੀ ਵਿੱਚ ਫਸਿਆ ਹੋਇਆ ਦੇਖਦਿਆਂ ਹੋਇਆ ਵੀ ਕਦੀ ਗਲਤ ਨਹੀਂ ਕਹਿੰਦਾ। ਇਸ ਹਾਲਤ ਵਿੱਚ ਮਿਠਾਸ ਮਹਿਸੂਸ ਕਰਦਾ ਹੈ ਜਿਵੇਂ ਗੁੜ ਤੇ ਮਖੀ ਬੈਠ ਕੇ ਭਾਵੇਂ ਆਪਣੇ ਪੈਰ ਫਸਾ ਲੈਂਦੀ ਹੈ, ਉਡਣ ਦੀ ਸ਼ਕਤੀ ਵੀ ਗਵਾ ਬੈਠਦੀ ਹੈ। ਠੀਕ ਇਸੇ ਪ੍ਰਕਾਰ ਮਨੁੱਖ ਮਾਇਆ ਦੇ ਅਸਰ ਵਿਚ ਪੂਰਾ ਗ਼ਲਤਾਨ ਹੋ ਕੇ ਮਨ ਵਿਚ ਮੱਖੀ ਵਾਙੂੰ ਗੁੜ ਦਾ ਸਵਾਦ ਪਸੰਦ ਕਰਦਾ ਹੋਇਆ ਮਾਇਆ ਵਿਚ ਫਸਿਆ ਹੀ ਰਹਿੰਦਾ ਹੈ। ਇਹ ਮਾਇਆ ਕੀ ਹੈ? ਇਸ ਨੂੰ ਸਿਆਣਿਆਂ ਧੋਖਾ, ਫਰੇਬ, ਸੁਰਾਬ, ਛਲ ਯਾ ਝੋਲਾ ਦੇ ਨਾਵਾਂ ਨਾਲ ਪੁਕਾਰਿਆ ਹੈ। ਗੁਰਮਤਿ ਤੇ ਸਿੱਧਾ ਸਾਫ਼ ਤੇ ਸਪੱਸ਼ਟ ਤੌਰ ਤੇ ਇਸ ਨੂੰ 'ਨਾਗਨੀ' ਦਾ ਰੂਪ ਕਹਿੰਦੀ ਹੈ। ਮਹਾਂਵਾਕਾਨੁਸਾਰ–

"ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ।।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।।"
(ਪੰਨਾ ੫੧੦)

ਅਰਥਾਤ ਮਾਇਆ ਵਿੱਚ ਗਲਤਾਨ ਮਨੁੱਖ ਜੋ ਮਾਇਆ ਨਾਲ ਜ਼ਿਆਦਾ ਪਿਆਰ ਕਰਦਾ ਹੈ ਆਪਣੀ ਮੌਤ ਯਾ ਤਬਾਹੀ ਨੂੰ ਆਪਣੇ ਆਪ ਹੀ ਬੁਲਾਵਾ ਦੇ ਰਿਹਾ ਹੁੰਦਾ ਹੈ। ਇਕ ਆਮ ਸਧਾਰਣ ਜਿਹੀ ਗੱਲ ਹੈ ਕਿ ਸਪੇਰੇ ਦੀ ਮੌਤ ਸੱਪ ਕੋਲੋਂ ਹੀ ਹੁੰਦੀ ਹੈ, *'ਸਪੈ ਦੁਧੁ ਪਿਲਾਈਐ ਵਿਹੁ ਮੁਖ ਤੇ ਸੁਟੈ'* ਦੇ ਮੁਤਾਬਕ ਸੱਪ ਯਾ ਸਪਨੀ ਮਨੁੱਖ ਕੋਲੋਂ ਖੁਸ਼ਾਮਦ ਤੇ ਸੇਵਾ ਲੈਂਦਿਆਂ ਹੋਇਆ ਵੀ ਆਪਣੀ ਖ਼ਸਲਤ ਤੋਂ ਮਜ਼ਬੂਰ ਹੋ ਕੇ ਮਨੁੱਖ ਤੇ ਹੀ ਹਮਲਾ ਕਰਦੇ ਹਨ, ਉਹਨਾਂ ਦੇ ਅੰਦਰ ਜਿਵੇਂ ਮਨੁੱਖ ਦੀ ਸੇਵਾ ਯਾ ਖ਼ੁਸ਼ਾਮਦ ਦਾ ਕੋਈ ਪ੍ਰਭਾਵ ਨਹੀਂ ਬੈਠਦਾ, ਠੀਕ ਇਸੇ ਤਰ੍ਹਾਂ ਹੀ 'ਮਾਇਆ' ਰੂਪੀ ਨਾਗਨੀ ਵੀ ਮਨੁੱਖ ਤੇ ਤਰਸ ਨਹੀਂ ਕਰਦੀ, ਤੇ ਨਾ ਹੀ ਕਰ ਸਕਦੀ ਹੈ। ਤਰਸ ਉਸਦੀ ਖ਼ਸਲਤ ਵਿਚ ਨਹੀਂ ਲਿਖਿਆ ਹੋਇਆ। ਇਥੇ ਮਾਇਆ ਦੇ ਅਰਥ ਹੋਰ ਸਪਸ਼ਟ ਕਰਨਾ ਜ਼ਰੂਰੀ ਹੈ। ਮਾਇਆ ਤੋਂ ਸਾਡਾ ਭਾਵ ਦੁਨਿਆਵੀ ਮਾਇਆ, ਰੁਪਯਾ ਪੈਸਾ ਧਨ ਦੌਲਤ ਹੀ ਨਹੀਂ, ਇਹ ਤਾਂ ਸੰਕੁਚਿਤ ਰੂਪ ਵਿੱਚ ਇਸਦਾ ਅਰਥ ਹੈ ਪਰ ਜੇ ਅਸੀਂ ਲੰਮੀ ਤੇ ਵਿਸ਼ਾਲ ਵਿਚਾਰ ਨਾਲ ਇਸ ਨੂੰ ਅਰਥਾਈਏ ਤਾਂ ਇਸ ਮਾਇਆ ਨੂੰ ਇਕ 'ਭੁਲੇਖਾ' ਕਹਿ ਸਕਦੇ ਹਾਂ ਜਿਹੜਾ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਦਿਖਾਵਾ, ਪਰਪੰਚੀ, ਛਲ, ਫਰੇਬ, ਝੂਠ ਅਤੇ ਹੋਰ ਅਜੇਹੀਆਂ ਕੁਮਾਰਗ ਪਾਉਣ ਵਾਲੀਆਂ ਹਨ ਜਿਨ੍ਹਾ ਦੇ ਪਿਛੇ ਇਕ ਸ਼ਕਤੀ ਹੁੰਦੀ ਹੈ।


www.AKJ.Org

ਜਿਹੜੀ ਕਿ ਇਹਨਾਂ ਨੂੰ ਹਰਕਤ ਵਿੱਚ ਲਿਆਉਂਦੀ ਤੇ ਭੜਕਾਉਂਦੀ ਹੈ ਤੇ ਇਹਨਾਂ ਨੂੰ ਐਕਸ਼ਨ ਕਰਨ ਲਈ ਮਜ਼ਬੂਰ ਕਰਦੀ ਹੈ। ਇਹ ਉਹ ਫੋਰਸ ਹੈ ਜੇਹੜੀ ਮਨੁੱਖ ਨੂੰ ਕਿਸੇ ਵੀ ਆਤਮਕ ਦਸ਼ਾ ਤੇ ਪਹੁੰਚਣ ਤੇ ਵੀ ਆਪਣੀ ਫੌਜ ਦੇ ਕਿਸੇ ਰੁਕਨ ਨੂੰ ਮਨੁੱਖ ਦੇ ਭਰਮਾਉਣ ਲਈ ਹੁਕਮ ਦੇ ਸਕਦੀ ਹੈ। ਸੋ ਮਾਇਆ ਇਸ ਪ੍ਰਕਾਰ ਹੈ, ਇਸ ਦਾ ਕੋਈ ਰੂਪ ਨਹੀਂ, ਇਸ ਨਾਲ ਮਨੁੱਖ ਪ੍ਰੇਮ ਜ਼ਰੂਰ ਹੀ ਕਰਦਾ ਹੈ, ਫੁਰਮਾਨ ਹੈ-

ਮਾਇਆ ਮੋਹੁ ਪਰੇਤੁ ਹੈ.
ਕਾਮੁ ਕ੍ਰੋਧੁ ਅਹੰਕਾਰਾ।।
ਏਹ ਜਮ ਕੀ ਸਿਰਕਾਰ ਹੈ.
ਏਨਾ ਉਪਰਿ ਜਮ ਕਾ ਡੰਡੁ ਕਰਾਰਾ।।(ਪੰਨਾ ੫੧੩)

ਨਾਲ ਹੀ ਨਾਲ ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਇਹ ਦਾਤੇ ਦੀ ਪੈਦਾ ਕੀਤੀ ਹੋਈ ਹੈ। ਹੁਣ ਸੋਚੀਏ ਕਿ *"ਸਚੇ ਕੀ ਕੋਠੜੀ"* ਵਿਚ ਇਹ ਕਿਉਂ ? ਦਾਤੇ ਦੀ ਅਕਲ ਨਾਲ ਮਨੁੱਖੀ ਅਕਲ ਦਾ ਕੋਈ ਮੁਕਾਬਲਾ ਨਹੀਂ। ਹਾਂ, ਆਪਣੀ ਕ੍ਰਿਪਾ ਨਾਲ ਜੇ ਉਹ ਮਨੁੱਖ ਨੂੰ ਆਪਣੀ ਰਚਨਾ ਬਾਰੇ ਕੁਝ ਸਮਝਣ ਦੀ ਸ਼ਕਤੀ ਦੇਵੇ ਤਾਂ ਉਸਦਾ ਲੱਖ ਲੱਖ ਸ਼ੁਕਰ ਹੈ। ਮਨੁੱਖੀ ਅਕਲ ਇਹ ਕਹਿੰਦੀ ਹੈ ਕਿ ਚੂੰਕਿ ਦਾਤੇ ਨੇ ਆਪਨੇ ਨਾਲ ਆਪਣੇ ਸਾਰੇ ਹੀ ਜੀਵਧਾਰੀਆਂ ਨੂੰ ਮਿਲਾਉਣਾ ਹੈ ਭਾਵੇਂ ਕਿਸੇ ਵੀ ਜਨਮ ਮਗਰੋਂ ਉਸਦੀ ਕ੍ਰਿਪਾ ਮਨੁਖ ਤੇ ਹੋ ਜਾਵੇ ਪਰ ਉਸਨੂੰ ਪ੍ਰੀਫੀਕੇਸ਼ਨ ਤੋਂ ਮਗਰੋਂ ਹੀ, ਆਪਨੇ ਰੂਪ ਵਿੱਚ ਆਪਣੀ ਸ੍ਰਿਸ਼ਟੀ ਦੇ ਜੀਵਧਾਰੀਆਂ ਨੂੰ ਸਮਾਉਣਾ ਹੈ ਤੇ ਕਰੜੇ ਤੋਂ ਕਰੜੇ ਟੈਸਟ ਪ੍ਰੀਖਿਆ ਵਿਚੋਂ ਕੱਢ ਕੇ ਹੀ ਜੀਵਧਾਰੀਆਂ ਨੂੰ ਸਾਫ ਕਰਨਾ ਹੈ, ਤਾਂ ਤੇ ਫਿਰ ਇਹ ਮਨੁੱਖ ਦੇ ਭਲੇ ਲਈ ਦਾਤਾਰ ਨੇ ਪੈਦਾ ਕੀਤੀ ਹੈ। ਮਨੁੱਖ ਨੂੰ ਦਾਤੇ ਨੇ ਅਕਲ ਯਾ ਬਿਬੇਕ ਬੁੱਧੀ ਇਸ ਵਾਸਤੇ ਦਿੱਤੀ ਹੈ ਕਿ ਸਾਰੇ ਬੰਧਨਾਂ ਵਿੱਚ ਹੁੰਦਾ ਹੋਇਆ ਵੀ ਆਪਣੇ ਆਪ ਵਿੱਚ ਕੰਵਲ ਵਾਂਗੂੰ ਨਿਰਲੇਪਤਾ ਦਾ ਗੁਣ ਪੈਦਾ ਕਰੇ। ਜੇ ਐਸਾ ਕਰੇ ਤਾਂ ਅਪਨਾ ਫਾਇਦਾ ਜਲਦੀ ਲੈ ਲਵੇਗਾ, ਨਹੀਂ ਤਾਂ ਦਾਤਾ ਤਾਂ ਇਸ ਨੂੰ ਪ੍ਰੀਖਿਆਵਾਂ ਵਿਚੋਂ ਪਾਰ ਹੋਣ ਮਗਰੋਂ ਹੀ ਨਾਲ ਮਿਲਾ ਸਕੇਗਾ। ਉਸ ਦੀ ਕ੍ਰਿਪਾ ਦਾ ਜਿਥੋਂ ਤੱਕ ਸੰਬੰਧ ਹੈ ਉਹਦਾ ਕਿਸੇ ਮਨੁੱਖ ਤੇ ਕਿਸੇ ਵੇਲੇ ਕਿਸੇ ਰੂਪ ਵਿੱਚ ਹੋ ਸਕਦੀ ਹੈ। ਉਦੋਂ ਤਾਂ "ਇਕਿ ਜਾਗੰਦੇ ਨਾ ਲਹੰਨਿ, ਇਕਨਾ ਸੁਤਿਆ ਦੇਇ ਉਠਾਲਿ" ਦੇ ਮੁਤਾਬਕ ਮਿਹਰਾਂ ਹੋ ਹੀ ਜਾਂਦੀਆਂ ਹਨ, ਪਰ ਮਨੁੱਖ ਲਈ ਇਹ ਸਭ ਚੀਜ਼ਾਂ ਉਸ ਦੇ ਟੈਸਟ ਹਨ। ਸੋਨਾ, ਭੱਠੀ ਵਿਚੋਂ ਨਿਕਲ ਕੇ ਹੀ ਸਾਫ਼ ਚਮਕਦਾਰ ਅਤੇ ਕੀਮਤੀ ਬਣਦਾ ਹੈ। ਸੋ ਪਤਾ ਲੱਗਿਆ ਕਿ ਇਹ ਮਾਇਆ ਉਨ੍ਹਾਂ ਲਈ ਦੁਖਦਾਈ ਹੈ ਜੋ ਗੁਰੂ ਆਗਿਆ ਤੋਂ ਉਲਟ ਚਲਦੇ ਹਨ, ਮਨਮਤਿ ਵਿਚ ਖਚਿਤ ਰਹਿੰਦੇ ਹਨ ਤੇ ਇਹ ਸਮਝਦੇ ਹਨ ਕਿ ਇਸ ਸਾਰੀ ਦੁਨੀਆਂ ਦੇ ਪਦਾਰਥ ਸਾਡੇ ਹਨ ਤੇ ਅਸੀਂ ਇਹਨਾਂ ਦੇ ਮਾਲਕ ਹਾਂ। ਇਹ ਸਭ ਧੋਖਾ ਹੈ। ਇਹੀ ਸਭ ਕੁਝ ਮਾਇਆ ਹੈ। ਪਰਾਈ ਵਸਤੂ ਨੂੰ ਆਪਣੀ ਕਰਕੇ ਮੰਨਣਾ ਹੀ "ਮਾਇਆ" ਹੈ । ਗੁਰਮੁਖ ਇਹ ਸਮਝਦਾ ਹੈ ਕਿ ਸੰਸਾਰੀ ਵਸਤੂਆਂ ਮੇਰੀਆਂ ਨਹੀਂ , ਮੇਰੇ ਲਈ ਹਨ। ਮੇਰੇ ਕੋਲ ਅਮਾਨਤ ਹਨ, ਮੈਂ ਇਨ੍ਹਾਂ ਦਾ ਮਾਲਕ ਨਹੀਂ , ਇਨ੍ਹਾਂ ਦਾ ਮਾਲਕ ਦਾਤਾ ਹੈ। ਸੋ ਮੇਰੇ ਲਈ ਇਹਨਾਂ ਵਿੱਚ ਖਚਿਤ ਹੋਣਾ (ਮਾਇਆ ਦੇ ਅਸਰ ਥੱਲੇ ਆਉਣਾ) ਭੁਲ ਹੈ। 'ਮਾਨੁਖੁ ਬਿਨੁ ਬੂਝੇ ਬਿਰਥਾ ਆਇਆ' ਵਾਲਾ ਸ਼ਬਦ ਪੂਰੀ ਤਰ੍ਹਾਂ ਮਨੁੱਖ ਲਈ ਹਦਾਇਤ ਦਾ ਖਜ਼ਾਨਾ ਹੈ ਤੇ ਇਸ ਗੱਲ ਦਾ ਹੀ ਸੂਚਕ ਹੈ ਕਿ ਮਾਇਆ ਵਿਚ ਖਚਿਤ ਹੋਣਾ ਬੇਕਾਰ ਹੈ। ਇਸ ਮਾਇਆ ਬਾਰੇ ਫੁਰਮਾਨ ਹੈ –

ਮਾਈ ਮਾਇਆ ਛਲੁ.
ਤ੍ਰਿਣ ਕੀ ਅਗਨਿ. ਮੇਘ ਕੀ ਛਾਇਆ.
ਗੋਬਿੰਦ ਭਜਨ ਬਿਨੁ. ਹੜ ਕਾ ਜਲ। (ਪੰਨਾ ੭੧੭)

ਅਰਥਾਤ ਮਾਇਆ ਵਿੱਚ ਜਿਥੇ ਨਿਰਲੇਪਤਾ ਨਹੀਂ ਉਥੇ ਮਾਇਆ ਦਾ ਵਿਕਾਸਕਾਰੀ ਅਸਰ ਜ਼ਰੂਰ ਹੈ। ਗ੍ਰਹਸਥ ਜੀਵਨ 'ਚ ਮਨੁੱਖ ਕਦਮ ਕਦਮ ਤੇ ਮਾਇਆ ਨਾਲ ਸਨਮੁਖ ਹੁੰਦਾ ਹੈ ਪਰ ਗੁਰਮੁਖ ਤਾਂ ਸਾਰੀਆਂ ਹਾਲਤਾਂ ਵਿਚੋਂ ਲੰਘਦਾ ਹੋਇਆ ਵੀ ਨਿਰਲੇਪਤਾ ਦਾ ਗੁਣ ਧਾਰਨ ਕਰੀ ਰਖਦਾ ਹੈ ਤੇ ਮਨਮੁਖ ਮੱਖੀ ਵਾਂਗੂ ਫਸ ਕੇ ਦੁੱਖ ਉਠਾਉਂਦਾ ਹੈ ਤੇ ਮਾਇਆ ਵਿੱਚ ਰੁੜ੍ਹ ਹੀ ਜਾਂਦਾ ਹੈ। ਜੋ ਹੜੀ ਕਿ ਅਸਲ ਵਿੱਚ ਛਲ ਹੈ, ਤੀਲਿਆਂ ਦੀ ਅੱਗ ਵਾਂਗੂ ਜ਼ਾਹਿਰਾ ਤੌਰ ਤੇ ਸ਼ਕਤੀਸ਼ਾਲੀ ਨਜ਼ਰ ਆਉਂਦੀ ਹੈ ਪਰ ਜ਼ਿਆਦਾ ਦੇਰ ਨਹੀਂ ਰਹਿੰਦੀ, ਤੇ ਬੱਦਲਾਂ ਦੀ ਛਾਇਆ ਵਾਂਗੂ ਛੇਤੀ ਨੱਸ ਜਾਣ ਵਾਲੀ ਹੁੰਦੀ ਹੈ।

ਹੁਣ ਇਹ ਵਿਚਾਰੀਏ ਕਿ ਇਹ ਮਾਇਆ ਕੀ ਕਰਦੀ ਹੈ,'ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ' ਦੇ ਮੁਤਾਬਕ ਇਹ ਮਾਇਆ ਮਨੁੱਖ ਦਾਤੇ ਤੋਂ ਦੂਰ ਲੈ ਜਾਂਦੀ ਹੈ, ਭੁਲੇਖੇ ਦੇਣ ਵਾਲੀ ਜੁ ਹੋਈ। ਇਹ ਵੀ ਨਹੀਂ ਭੁਲਣਾ ਚਾਹੀਦਾ 'ਬਿਖਿਆ ਮਹਿ ਕਿਨਹੀ ਤ੍ਰਿਪਤ ਨ ਪਾਈ' ਦੇ ਮੁਤਾਬਕ ਜਿਤਨੀ ਮਨੁਖ ਇਸ ਮਾਇਆ ਵਿਚੋਂ ਆਪਨੀ ਤ੍ਰਿਪਤੀ ਢੂੰਡਦਾ ਹੈ ਉਤਨਾ ਹੀ ਫੱਸਦਾ ਹੈ।ਗੁਰਬਾਣੀ ਵਿੱਚ ਇਸ ਵਿਰੁਧ ਫਰਯਾਦ ਕੀਤੀ ਗਈ ਹੈ ਕਿ ਹੇ ਦਾਤਾ ਇਸ ਮਾਇਆ ਤੋਂ ਬਚਾਉ :-


www.AKJ.Org

ਬਾਬਾ ਬਿਖੁ ਦੇਖਿਆ ਸੰਸਾਰੁ।।
ਰਖਿਆ ਕਰਹੁ ਗੁਸਾਈ ਮੇਰੇ
ਮੈ ਨਾਮ ਤੇਰਾ ਆਧਾਰੁ।। (ਪੰਨਾ ੩੯੨)

ਫੁਰਮਾਨ ਹੈ-

ਤਉ ਮੈ ਆਇਆ, ਸਰਨੀ ਆਇਆ।।
ਭਰੋਸੈ ਆਇਆ, ਕਿਰਪਾ ਆਇਆ।
ਜਿਉ ਭਾਵੈ ਤਿਉ ਰਾਖਹੁ ਸੁਆਮੀ,
ਮਾਰਗੁ ਗੁਰਹਿ ਪਠਾਇਆ ।੧। ਰਹਾਉ।।
ਮਹਾ ਦੁਤਰੁ ਮਾਇਆ।।
ਜੈਸੇ ਪਵਨੁ ਝੁਲਾਇਆ।। (ਪੰਨਾ ੭੪੬)

ਮਾਇਆ ਦਾ ਰੂਪ ਬੜਾ ਭਿਆਨਕ ਹੈ ਜਿਸ ਅੰਦਰ ਇਹ ਅਹੰਕਾਰ ਦੇ ਰੂਪ ਵਿੱਚ ਆਉਂਦੀ ਹੈ, ਉਸਦੀ ਆਪਣੀ ਸ਼ਕਲ ਮਹਾਂਵਾਕਾਨੁਸਾਰ ਬੜੀ ਭਿਆਨਕ ਬਣ ਜਾਂਦੀ ਹੈ। ਫੁਰਮਾਨ ਹੈ :-

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।।
ਬੋਲੈ ਕਉੜਾ ਜਿਹਬਾ ਕੀ ਫੂੜਿ।।
ਸਦਾ ਭੂਖੀ ਪਿਰੁ ਜਾਨੈ ਦੂਰਿ।।੧।।(ਪੰਨਾ ੩੯੪)

ਮਨੁੱਖ ਦੇ ਨਾਲ ਹੀ ਨਾਲ ਰਹਿਣਾ ਇਸ ਦਾ ਕੰਮ ਹੈ। ਦਾਤੇ ਨੇ ਇਹ ਇਸ ਪ੍ਰਕਾਰ ਦੀ ਵਸਤੂ ਪੈਦਾ ਕੀਤੀ ਹੈ ਜੋ ਸਾਰੀ ਦੁਨੀਆਂ ਨੂੰ ਖਾ ਲੈਂਦੀ ਹੈ, ਵਡੇ ਵਡਿਆਂ ਉਤੇ ਹਮਲੇ ਕਰਦੀ ਹੈ। 'ਬ੍ਰਹਮਾ ਬਿਸਨ ਮਹਾਦੇਵ ਮੋਹਿਆ।' ਸੋ ਇਸ ਤੋਂ ਬਚਣਾ ਸੌਖਾ ਕੰਮ ਨਹੀਂ।

ਮਨੁੱਖ ਤੇ ਮਨੁੱਖੀ ਮਨ ਨੂੰ *'ਮਾਇਆ ਦੇ ਡਾਂਡੇ'* ਕਹਿ ਕੇ ਪੁਕਾਰਿਆ ਗਿਆ ਹੈ ਕਿਉਂ ਜੋ ਮਨੁੱਖ ਇਸ ਦੇ ਹੱਥਾਂ ਵਿੱਚ ਕਠਪੁਤਲੀ ਹੈ, ਇਹ ਹਮੇਸ਼ਾਂ ਮਨੁੱਖ ਨੂੰ ਕਾਬੂ ਵਿੱਚ ਰੱਖਦੀ ਹੈ। ਵਡੇ ਵਡੇ ਰਿਸ਼ੀਆਂ ਨੂੰ ਇਸ ਨੇ ਉਹਨਾਂ ਦੀ ਭਗਤੀ ਕਰਦਿਆਂ ਹੋਇਆ ਇਸਤਰੀ ਰੂਪ ਧਾਰ ਕੇ ਮੋਹ ਲਿਆ ਤੇ ਉਹਨਾਂ ਦੀ ਸਾਰੀ ਕਮਾਈ ਮਿੱਟੀ ਵਿੱਚ ਮਿਲਾ ਦਿੱਤੀ। ਇਸ ਨੂੰ ਕਿਸੇ ਵਿਰਲੇ ਹੀ ਜਿਤਿਆ ਹੈ। ਇਹ ਮਾਇਆ ਬੜੇ ਅਨੋਖੇ ਤੇ ਨਾ ਸਮਝੇ ਜਾਣ ਵਾਲੇ ਰੂਪ ਧਾਰ ਕੇ ਦੁਨੀਆਂਦਾਰਾਂ ਨੂੰ ਫਸਾ ਲੈਂਦੀ ਹੈ।

ਮਾਇਆ ਦੇ ਕਬਜ਼ੇ ਵਿੱਚ ਆਏ ਹੋਏ ਮਨੁੱਖ ਤੇ ਤਰਸ ਕਰਦਿਆਂ ਹੋਇਆ ਦਾਤੇ ਨੇ ਮਾਇਆ ਦੇ ਅਸਰ ਤੋਂ ਬਚਣ ਲਈ ਗੁਰਬਾਣੀ ਰਾਹੀਂ ਇਸ ਮਾਇਆ ਦਾ ਇਲਾਜ ਵੀ ਬੜਾ ਹੀ ਸੁੰਦਰ ਦਸਿਆ ਹੈ। ਗੁਰਸਿੱਖ ਦਾ ਫਰਜ਼ ਹੈ ਕਿ ਗੁਰਬਾਣੀ ਨੂੰ ਵਿਚਾਰਦਿਆਂ ਹੋਇਆ ਆਪਣੇ ਉਧਾਰ ਲਈ ਇਸ ਤੇ ਅਮਲ ਕਰੇ ਤਾਂ ਜੋ ਹੁਕਮੀ-ਬੰਦਾ ਬਣ ਕੇ ਇਸ ਸੰਸਾਰ ਦੀ ਯਾਤਰਾ ਸਫਲ ਕਰ ਸਕੇ। ਇਲਾਜ ਵਜੋਂ ਗੁਰਬਾਣੀ ਸਾਡੀ ਸਹਾਇਤਾ ਕਰਦੀ ਹੈ।

'ਅਨਿਕ ਅਡੰਬਰ ਮਾਇਆ ਕੇ ਬਿਰਥੇ
ਤਾ ਸਿਉ ਪ੍ਰੀਤਿ ਘਟਾਵਉ।' (ਪੰਨਾ ੫੨੯)

ਮਨੁੱਖ ਨੂੰ ਮਾਇਆ ਤੇ ਮਾਇਆ ਦੇ ਪਸਾਰੇ ਨੂੰ, ਨਾ ਕਾਇਮ ਰਹਿਣ ਵਾਲਾ ਸਮਝਦਿਆਂ ਹੋਇਆਂ, ਇਸ ਨਾਲ ਪ੍ਰੀਤ ਘਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਹੀ ਕੰਵਲ ਵਾਲੀ ਨਿਰਲੇਪਤਾ ਪ੍ਰਾਪਤ ਕਰਕੇ ਆਪਣਾ ਉਧਾਰ ਕਰ ਸਕਦਾ ਹੈ।

ਇਹ ਇਕ ਜ਼ਰੂਰੀ ਹਦਾਇਤ ਹੈ :-

ਨਾਨਕ ਮਾਇਆ ਕਾ ਮਾਰਣੁ ਹਰਿਨਾਮੁ ਹੈ
ਗੁਰਮੁਖਿ ਪਾਇਆ ਜਾਇ।। (ਪੰਨਾ ੫੧੩)

ਗੁਰਸਿਖ ਨਾਮ ਜਪੇ ਤੇ ਦਾਤੇ ਦੀ ਮਿਹਰ ਦੀ ਆਸ ਕਰੇ। ਸੁਤੇ ਸਿਧ ਹੀ ਇਸ ਮਾਇਆ ਤੋਂ ਬਚ ਜਾਏਗਾ, ਹੂੰਕਿ ਮਾਇਆ ਭਰਮ ਹੈ, ਭੁਲੇਖਾ ਹੈ। ਜਿਥੇ ਭਰਮਾਂ ਦਾ ਵਾਸਾ ਹੈ ਉਥੇ ਮਾਇਆ ਹੈ। ਸੋ -

ਸਗਲ ਭਰਮ ਤਜ ਨਾਨਕ ਪ੍ਰਾਣੀ,
ਚਰਨਿ ਤਾਹੇ ਚਿਤ ਲਾਇਓ।।

ਦੇ ਅਨੁਸਾਰ ਦਾਤੇ ਦੇ ਚਰਨਾਂ ਵੱਲ ਧਿਆਨ ਲਗਾਉਣਾ ਹੀ ਮਾਇਆ ਤੋਂ ਬਚਣ ਦਾ ਸਾਧਨ ਹੈ।

ਕਾਇਆ ਕੰਚਨ ਤਾ ਥੀਐ
ਜਾ ਸਤਿਗੁਰੁ ਲਏ ਮਿਲਾਏ।।
ਭ੍ਰਮੁ ਮਾਇਆ ਵਿਚਹੁ ਕਟੀਐ
ਸਚੜੈ ਨਾਮ ਸਮਾਏ।।

ਇਹ ਮਾਇਆ ਲਗਾਤਾਰ ਮਨੁੱਖਾਂ ਨੂੰ ਮੋਹਦੀ ਹੀ ਰਹਿੰਦੀ ਹੈ, ਕਦੀ ਵੀ ਨਹੀਂ ਰੁਕਦੀ। ਮਨੁੱਖ ਆਪਣੇ ਭਲੇ ਲਈ ਤੀਰਥ ਕਰਦਾ ਹੈ, ਦਾਨ ਕਰਦਾ ਹੈ, ਬਰਤ ਨੇਮ, ਤਪੀਸਿਆ ਕਰਦਾ ਹੈ, ਹੋਮ ਜਗ ਵੀ ਕਰਦਾ ਹੈ ਪਰ ਕਿਸੇ ਵੀ ਥਾਂ ਤੇ ਕਿਸੇ ਵੀ ਹਾਲਤ ਵਿੱਚ ਇਹ ਉਸਦਾ ਪਿੱਛਾ ਨਹੀਂ ਛੱਡਦੀ। ਇਸ ਦਾ ਇਕ ਮਾਤਰ ਇਲਾਜ ਸਾਧ ਸੰਗਤ ਕਰਨਾ ਹੈ, ਫਿਰ ਇਹ ਦੁੱਖ ਨਹੀਂ ਦੇਵੇਗੀ ਤੇ 'ਨਕਟੀ ਕੋ ਠਨਗਨੁ ਬਾਡਾ ਡੂੰ। ਕਿਨਹਿ ਬਿਬੇਕੀ ਕਾਟੀ ਤੂੰ' ਦੇ ਮੁਤਾਬਕ ਇਸਦਾ ਠਣਕਾਰ ਮਨੁੱਖ ਨੂੰ ਪ੍ਰਭਾਵਤ ਨਹੀਂ ਕਰ ਸਕੇਗਾ। ਬਿਬੇਕੀ ਰੂਹਾਂ ਕੋਲੋਂ ਡਰ ਕੇ ਇਹ ਨਕ-ਕਟੀ (ਮਾਇਆ) ਦੂਰ ਹੀ ਭੱਜ ਜਾਏਗੀ। ਫੁਰਮਾਨ ਹੈ- **'ਸਾਧ ਸੰਗਤ ਨਾਨਕ ਭਇਓ ਮੁਕਤਾ, ਦਰਸ਼ਨ ਪੇਖਤ ਭੋਰੀਂ'** (ਸਾਰੰਗ ਮ: ੫, ਪੰਨਾ ੧੨੧੬) ਜਿਸ ਤੋਂ ਸਪੱਸ਼ਟ ਹੈ ਕਿ ਸਾਧ ਸੰਗਤ ਵਿੱਚ ਇਸ ਮਾਇਆ ਦੀ ਪਹੁੰਚ ਨਹੀਂ। ਇਥੇ ਹੀ ਇਹ ਬੇ-ਅਸਰ ਹੋ ਜਾਂਦੀ ਹੈ।

ਸਾਧ ਸੰਗਤਿ ਨਿਰੰਤਰ ਕਰਨ ਦੇ ਮਗਰੋਂ ਜਦੋਂ ਮਨੁੱਖ ਦੀ ਬਿਰਤੀ ਸਾਫ ਹੋ ਜਾਂਦੀ ਹੈ, ਮਨੁੱਖ ਤੇ ਉਦੋਂ ਗੁਰੂ ਕ੍ਰਿਪਾ ਹੁੰਦੀ ਹੈ, ਉਹ ਮਾਇਆ (ਬਾਕੀ ਪੰਨਾ ੧੨ ਤੇ )


www.AKJ.Org

# ਅਬ ਕਲੂ ਆਇਓ ਰੇ

(ਸੁਸ਼ੀਲ ਕੌਰ)

ਜੁਗ ਆਏ ਤੇ ਚਲੇ ਗਏ। ਹੁਣ ਕਲਿਜੁਗ ਨੇ ਭੀ ਚਲੇ ਜਾਣਾ ਹੈ। ਲਗਦਾ ਹੈ ਛੇਤੀ ਹੀ ਚਲੇ ਜਾਏਗਾ, ਕਿਉਂਕਿ ਬਥੇਰੇ ਰੰਗ ਦਿਖਾ ਲਏ ਹਨ ਇਸਨੇ। ਕੁਫਰ, ਹਨ੍ਹੇਰ ਗਰਦੀ, ਜ਼ੁਲਮਾਂ ਅਤੇ ਘੋਰ ਅੱਤਿਆਚਾਰਾਂ ਦੀ ਕੋਈ ਕਸਰ ਬਾਕੀ ਨਹੀਂ ਰਹਿ ਗਈ।

ਪਰ ਇਸ ਦੇ ਜਾਣ ਬਾਰੇ ਸੋਚ ਕੇ ਵੀ ਦਿਲ ਨੂੰ ਕੁੱਝ ਹੁੰਦਾ ਹੈ ਕਿਉਂਕਿ ਰੂਹਾਨੀਆਂ ਦੇ ਭੰਡਾਰ ਇਕੱਠੇ ਕਰਨ ਲਈ ਕਲਿਜੁਗ ਤੋਂ ਬਿਨਾਂ ਕਿਸੇ ਹੋਰ ਜੁਗ ਵਿਚ ਐਨੀ ਮੌਜ ਬਹਾਰ ਨਹੀਂ ਸੀ। ਪੁੰਨ, ਦਾਨ ਅਤੇ ਭਗਤੀ ਦਾ ਫਲ ਵੀ ਦੂਜੇ ਜੁੱਗਾਂ ਨਾਲੋਂ ਕਈ ਗੁਣਾਂ ਵੱਧ ਹੈ, ਭਗਤੀ ਭੰਡਾਰਾਂ ਦੀ ਤਾਂ ਲੁੱਟ ਪਈ ਹੋਈ ਹੈ। ਇਸ ਲੁੱਟ ਵਿਚੋਂ ਜਿੰਨੀਆਂ ਝੋਲੀਆਂ ਭਰ ਲਈਏ, ਓਨੀਆਂ ਹੀ ਥੋੜ੍ਹੀਆਂ ਹਨ। "**ਵਤ ਲਗੀ ਸਚੇ ਨਾਮ ਕੀ**" ਸੱਚੇ ਪ੍ਰਭੂ ਦਾ ਨਾਮ ਬੀਜਣ ਲਈ ਢੁੱਕਵਾਂ ਸਮਾਂ ਮਿਲਿਆ ਹੈ। ਜੇਕਰ ਅਸੀਂ ਹੁਣ ਸੁਨਿਹਰੀ ਮੌਕੇ ਦਾ ਫਾਇਦਾ ਨਾ ਲਿਆ ਤਾਂ ਫਿਰ ਸ਼ਾਇਦ ਹਮੇਸ਼ਾਂ ਹਮੇਸ਼ਾਂ ਲਈ ਪਛੜ ਜਾਈਏ।

ਸਤਿਜੁਗ ਵਿਚ ਜੇਕਰ ਕੋਈ ਇਕ ਬੰਦਾ ਬੁਰਾ ਕਰਮ ਕਰਦਾ ਸੀ ਤਾਂ ਉਸਦੀ ਸਜ਼ਾ ਸਾਰੇ ਪਿੰਡ ਵਾਸੀਆਂ ਨੂੰ ਭੋਗਣੀ ਪੈਂਦੀ ਸੀ। ਪਰ ਕਲਿਜੁਗ ਵਿਚ ਅਜਿਹੀ ਕੋਈ ਗਲ ਨਹੀਂ ਹੈ, *"ਜੋ ਕਰੇ ਸੋ ਭਰੇ"*

**ਸਤਿਜੁਗ ਤ੍ਰੇਤਾ ਦੁਆਪਰ ਭਣੀਐ.**
**ਕਲਿਜੁਗ ਊਤਮੋ ਜੁਗਾ ਮਾਹਿ।।**
**ਅਹਿ ਕਰੁ ਕਰੇ ਸੁ ਅਹਿਕਰੁ ਪਾਏ.**
**ਕੋਈ ਨ ਪਕੜੀਐ ਕਿਸੈ ਥਾਇ।।**(ਪੰਨਾ ੪੦੬)

ਸਤਿਜੁਗ ਅਤੇ ਹੋਰ ਜੁਗਾਂ ਵਿੱਚ ਉਮਰਾਂ ਬਹੁਤ ਲੰਬੀਆਂ ਸਨ, ਮੌਤ ਦਾ ਐਨਾ ਡਰ ਨਹੀਂ ਸੀ, ਪਰ ਕਲਿਜੁਗ ਵਿੱਚ ਹਰ ਵੇਲੇ ਮੌਤ ਰੂਪੀ ਤਲਵਾਰ ਸਿਰ ਤੇ ਲਟਕਦੀ ਰਹਿੰਦੀ ਹੈ। ਇਸ ਲਈ ਭਗਤ ਜਨ ਨਾਮ-ਧਨ ਇਕੱਠਾ ਕਰਨ ਦੀ ਦੌੜ ਵਿਚ ਲੱਗੇ ਹੋਏ ਰਹਿੰਦੇ ਹਨ, ਸੇਵਾ ਸਿਮਰਨ ਵਿੱਚ ਜੁਟੇ ਰਹਿੰਦੇ ਹਨ।

ਕਲਿਜੁਗ ਦੇ ਸਖਤ ਪਹਿਰੇ ਹੇਠ ਮਾਇਆ ਮਮਤਾ ਮੋਹਣੀ ਜਿਹੜੀ ਬਿਨਾਂ ਦੰਦਾਂ ਤੋਂ ਹੀ ਜਗਤ ਨੂੰ ਖਾਈ ਜਾ ਰਹੀ ਹੈ, ਉਸਨੇ ਦੁਨਿਆਵੀ ਲੋਕਾਂ ਨੂੰ ਅਸਲੀ ਸੁਖਾਂ ਅਤੇ ਅਸਲੀ ਤਾਕਤਾਂ ਦੇ ਭੁਲੇਖੇ ਪਾਏ ਹੋਏ ਹਨ। ਮਨਮੁਖ ਮਾਇਆ ਦੀ ਦੌੜ ਵਿਚ ਫਸ ਕੇ ਰੂਹਾਨੀ ਦੌਲਤ ਤੋਂ ਵਾਂਝੇ ਰਹਿ ਜਾਂਦੇ ਹਨ ਪਰ ਗੁਰਸਿੱਖ ਨਾਮ-ਰਸ ਦੀ ਅਸਲੀ ਸ਼ਕਤੀ ਹਾਸਲ ਕਰਕੇ ਆਪਣੇ ਕਰਮਾਂ ਦੇ ਬੂਟੇ ਉੱਤੇ ਦਇਆ, ਧਰਮ, ਸੱਚਾਈ ਤੇ ਸੇਵਾ ਦੇ ਫਲ ਲਗਾ ਕੇ ਜੀਵਨ ਦੇ ਲਾਹੇ ਪ੍ਰਾਪਤ ਕਰ ਲੈਂਦੇ ਹਨ। ਅੰਮ੍ਰਿਤ ਬਾਣੀ ਰਾਹੀਂ ਉਹ ਗੁਰੂਆਂ ਦੀ ਸੰਗਤ ਕਰਕੇ ਕਲਿਜੁਗ ਦੇ ਕਲਹ ਕਲੇਸ਼ ਦੇ ਅਸਰਾਂ ਤੋਂ ਦੂਰ ਰਹਿੰਦੇ ਹਨ ਅਤੇ ਕਲਿਜੁਗ ਦੀ ਅੰਧਿਆਰੀ ਕਾਲੀ ਰਾਤ ਵਿੱਚ ਵੀ ਗੁਰਮੰਤ੍ਰ ਨੂੰ ਦਿਲ ਵਿੱਚ ਵਸਾ ਕੇ ਰੁਸ਼ਨਾਏ ਰਹਿੰਦੇ ਹਨ।

ਪਿਛਲੇ ਜੁਗਾਂ ਵਿਚ ਗੁਰੂ ਲੱਭਣ ਅਤੇ ਗੁਰੂ ਧਾਰਨ ਕਰਨ ਲਈ ਬੜੀ ਘਾਲਣਾ ਘਾਲਣੀ ਪੈਂਦੀ ਸੀ ਪਰ ਕਲਿਜੁਗ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਡੀ ਬਾਂਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੜਾ ਕੇ ਸਾਡੇ ਉੱਤੇ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਜਦੋਂ ਵੀ ਚਾਹੀਏ ਅਸੀਂ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਜਾ ਕੇ ਮੇਹਰਾਂ ਪ੍ਰਾਪਤ ਕਰ ਸਕਦੇ ਹਾਂ! ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਬੈਠ ਕੇ ਅਕਾਲ ਪੁਰਖ ਦੇ ਸੋਹਲੇ ਗਾਉਂਦਿਆਂ ਗਾਉਂਦਿਆਂ ਅਸੀਂ ਆਪਣੀ ਅਪੂਰਣਤਾ ਵਿਚੋਂ ਨਿਕਲ ਕੇ ਉਸਦੀ ਪੂਰਣਤਾ ਵਿੱਚ ਪਹੁੰਚਦੇ ਰਹਿੰਦੇ ਹਾਂ। ਨਾਮ-ਬਾਣੀ ਵਿਚ ਲੀਨ ਹੋਇਆਂ ਉੱਤੇ ਘੋਰ ਕਲਿਜੁਗ ਦੇ ਜ਼ੁਲਮੀ ਪੰਜਿਆਂ ਦੇ ਵਾਰ ਕੋਈ ਅਸਰ ਨਹੀਂ ਕਰ ਸਕਦੇ ਅਤੇ ਨਾ ਹੀ ਕਲਿਜੁਗ ਦੇ ਮਿੱਠੇ ਅਤੇ ਮਨਮੋਹਣੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਤਿੱਖੇ ਤੇ ਰਸੀਲੇ ਬਾਣ ਸਾਨੂੰ ਨਾਮ-ਬਾਣੀ ਦੇ ਅਸਰਾਂ ਵਿਚੋਂ ਕੱਢ ਕੇ ਮਿੱਠੀ ਜ਼ਹਿਰ ਦੇ ਸਾਗਰਾਂ ਵਲ ਲੈ ਜਾਣ ਲਈ ਕਾਮਯਾਬ ਹੋ ਸਕਦੇ ਹਨ। ਭਗਤੀ ਦੀਆਂ ਸਿਖਰਾਂ ਉੱਤੇ ਪਹੁੰਚ ਕੇ ਤਿਲਕਣਬਾਜੀ ਦੇ ਬਿਖੜੇ ਰਾਹਾਂ ਉੱਤੇ ਵੀ ਅੰਮ੍ਰਿਤ-ਮਈ-ਬਾਣੀ ਦੀਆਂ ਸੱਚੀਆਂ ਸੁੱਚੀਆਂ ਤੰਦਾਂ ਸਾਨੂੰ ਲਪੇਟੀ ਰੱਖਦੀਆਂ ਹਨ, ਸੰਭਾਲੀ ਰੱਖਦੀਆਂ ਹਨ। ਇਹਨਾਂ ਪ੍ਰੇਮ ਡੋਰਾਂ ਦੀ ਕੱਸ ਵਿੱਚ ਸੰਭਲ ਕੇ ਅਸੀਂ ਸ਼ਬਦ ਰੂਪ ਗੁਰੂ ਦੇ ਆਸਰੇ "**ਖੰਨਿਅਉ ਤਿਖੇ ਵਾਲਹੁ ਨਿੱਕੇ**" ਬਿਖੜੇ ਰਸਤੇ ਪਾਰ ਕਰ ਲੈਂਦੇ ਹਾਂ।

ਘੋਰ ਕਲਿਜੁਗ ਦੇ ਸਖਤ ਪਹਿਰਿਆਂ ਦੇ ਅਸਰਾਂ ਤੋਂ ਨਿਰਲੇਪ ਰਹਿ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਸ਼ਬਦ-ਸੁਰਤਿ ਦੇ ਮੇਲ ਨਾਲ ਗੁਰਸਿਖੀ ਜੀਵਨ ਦੇ ਅਸਲੀ ਲਾਹੇ ਦੀ ਪ੍ਰਾਪਤੀ ਲਈ "**ਪ੍ਰਗਾਸ ਭਇਆ ਕਉਲ ਖਿਲਿਆ।।**" ਦੀ ਅਵਸਥਾ ਨੂੰ ਪ੍ਰਾਪਤ ਕਰਕੇ ਇਲਾਹੀ ਰੰਗਾਂ ਵਿੱਚ ਖੇਲ੍ਹਦੇ ਹਾਂ।



www.AKJ.Org

ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲੈ
ਤਾ ਮਨ ਖੀਵਾ ਭਾਈ।।" (ਪੰਨਾ ੧੧੨੩)

ਇਸ ਖੀਵੇ ਪਨ ਲਈ ਦੇਵਤੇ ਭੀ ਤਰਸਦੇ ਹਨ। ਕਲਿਜੁਗ ਵਿਚ ਰਹਿ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਨੀ ਅਕਲਮੰਦੀ ਨਹੀਂ ਹੈ ਕਿਉਂਕਿ ਜਿਹੜੀ ਮਨੁੱਖਾ ਦੇਹੀ ਸਾਨੂੰ ਪ੍ਰਾਪਤ ਹੈ ਦੇਵਤੇ ਤਾਂ ਉਸ ਦੇਹੀ ਦੀ ਅਰਾਧਨਾ ਕਰਦੇ ਹਨ।

ਇਸ ਦੇਹੀ ਕਉ ਸਿਮਰਹਿ ਦੇਵ।।
ਸੋ ਦੇਹੀ ਭਜੁ ਹਰਿ ਕੀ ਸੇਵ।।(ਪੰਨਾ ੧੧੫੯)

ਹਮੇਸ਼ਾਂ ਹਮੇਸ਼ਾਂ ਲਈ ਅਕਾਲ ਪੁਰਖ ਦੀ ਜੋਤ ਵਿਚ ਲੀਨ ਹੋਣ ਲਈ ਅਨਹਦ ਧੁਨਾ ਅਤੇ ਦਸਵੇਂ ਦੁਆਰ ਦੇ ਰਸ ਮਾਨਣ ਲਈ ਕਲਿਜੁਗੀ ਜੀਵਾਂ ਨੂੰ ਸੁਨਹਿਰੀ ਮੌਕਾ ਮਿਲਿਆ ਹੈ-ਜੋ ਦੇਵਤਿਆਂ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਉਹ ਵਿਚਾਰੇ ਮਾਇਆ ਦੇ ਜਾਲ ਵਿਚ ਫਸੇ ਹੋਏ ਮਨੁਖਾ ਜੀਵਨ ਵਲ ਰੀਝ ਰੀਝ ਤੱਕਦੇ ਰਹਿੰਦੇ ਹਨ, ਕਈ ਵਾਰੀ ਤਾਂ ਈਰਖਾ ਵੀ ਕਰਦੇ ਹਨ।

ਜਿਵੇਂ ਕਿਤੇ ਵਿਆਹ ਸ਼ਾਦੀ ਹੋਵੇ ਤਾਂ ਸੰਗੀ ਸਾਥੀ ਅਤੇ ਰਿਸ਼ਤੇਦਾਰ ਸੁਗਾਤ ਲੈ ਕੇ ਨਵੇਂ ਵਿਆਹੇ ਜੋੜੇ ਨੂੰ ਦੇਖਣ ਲਈ ਆਉਂਦੇ ਹਨ। ਕੋਈ ਬੱਚਾ ਜਨਮ ਲੈਂਦਾ ਹੈ ਤਾਂ ਉਸਨੂੰ ਵੀ ਸਾਰੇ ਚਾਵਾਂ ਨਾਲ ਦੇਖਣ ਆਉਂਦੇ ਹਨ ਅਤੇ ਸੁਗਾਤਾਂ ਦਿੰਦੇ ਹਨ। ਇਸੇ ਤਰ੍ਹਾਂ ਹੀ ਜਦੋਂ ਕਿਧਰੇ ਕੋਈ ਕਲਿਜੁਗੀ ਜੀਵ ਭਗਤੀ ਕਰਕੇ ਕਿਸੇ ਉਚੀ ਅਵਸਥਾ ਉੱਤੇ ਪਹੁੰਚਦਾ ਹੈ ਤਾਂ ਉਸਦੀ ਅਵਸਥਾ ਦੀ ਲੋਅ ਭਗਤੀ ਦੇ ਰੰਗ ਵਿੱਚ ਰੰਗਿਆਂ ਤੱਕ ਪਹੁੰਚਦੀ ਹੈ। ਦੂਰ ਦੂਰ ਤੱਕ ਪਤਾ ਲੱਗ ਜਾਂਦਾ ਹੈ ਕਿ ਕਿਸੇ ਮਨੁੱਖਾ ਦੇਹੀ ਵਿਚੋਂ ਰੱਬ ਦੇ ਰੰਗ ਦੀ ਭਾਅ ਆਈ ਹੈ..... ਸਿਰਜਨਹਾਰੇ ਦੀ ਖੁਸ਼ਬੂ ਆਈ ਹੈ....। ਉਸ ਵੇਲੇ ਦੇਵੀ ਦੇਵਤੇ ਰਿੱਧੀਆਂ ਸਿੱਧੀਆਂ ਦੀਆਂ ਸੁਗਾਤਾਂ ਲੈ ਕੇ ਉਸ ਮਨੁੱਖਾ ਦੇਹੀ ਦੇ ਦਰਸ਼ਨਾਂ ਲਈ ਆਉਂਦੇ ਹਨ। ਗੁਰਸਿੱਖ ਜੀਊੜੇ ਬਾਣੀ ਦੇ ਆਸਰੇ ਇਹਨਾਂ ਸੁਗਾਤਾਂ ਤੋਂ ਪਿਛਾ ਛੁਡਾ ਕੇ ਨਾਮ-ਬਾਣੀ ਵਿਚ ਲੀਨ ਹੋਣ ਵਿਚ ਕਾਮਯਾਬੀ ਪ੍ਰਾਪਤ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਬਾਣੀ ਰਾਹੀਂ ਗਿਆਨ ਹੁੰਦਾ ਹੈ ਕਿ:-

"ਰਿਧਿ ਸਿਧਿ ਅਵਰਾ ਸਾਦ" (ਪੰਨਾ ੬)

ਸਤਿਜੁਗ, ਤ੍ਰੇਤਾ ਜੁਗ ਅਤੇ ਦੁਆਪਰ ਜੁਗ ਦੇ ਅਵਤਾਰਾਂ ਨੇ ਆਪਣੇ ਆਪਣੇ ਢੰਗ ਨਾਲ ਦੁਨੀਆਵੀ ਲੋਕਾਂ ਤੋਂ ਭਗਤੀ ਕਰਵਾਈ ਪਰ ਉਹ ਖੁਦ ਹਉਮੈ ਦਾ ਸ਼ਿਕਾਰ ਹੋਏ ਪਏ ਸੀ, ਇਸ ਲਈ ਉਹ ਆਪਣੀ ਪੂਜਾ ਕਰਵਾਉਂਦੇ ਰਹੇ, ਭਗਤੀ ਦੀ ਸ਼ਕਤੀ ਨਾਲ ਲੋਕਾਂ ਨੂੰ ਦੁਨਿਆਵੀਂ ਸੁੱਖਾਂ ਦੀ ਪ੍ਰਾਪਤੀ ਕਰਵਾ ਕੇ ਉਨ੍ਹਾਂ ਦਾ ਮਨ ਪਰਚਾਉਂਦੇ ਰਹੇ। ਇਨ੍ਹਾਂ ਅਵਤਾਰਾਂ ਨੇ ਲੋਕਾਂ ਨੂੰ ਦੀਨ-ਦੁਨੀਆਂ ਦੇ ਮਾਲਿਕ ਸਿਰਜਨਹਾਰ ਵਾਹਿਗੁਰੂ ਦੇ ਲੜ ਨਾਂ ਲਗਾਇਆ। ਜੁਗਾਂ ਜੁਗਾਂਤਰਾਂ ਤੋਂ ਅਕਾਲ ਪੁਰਖ ਨਾਲੋਂ ਵਿਛੜੀਆਂ ਰੂਹਾਂ ਦਾ ਮੇਲ ਅਕਾਲ ਪੁਰਖ ਨਾਲ ਕਰਵਾਉਣ ਦੀ ਥਾਂ ਆਪਣੇ ਪਿੱਛੇ ਲਗਾਈ ਰੱਖਿਆ। ਪਰ ਕਲਿਜੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸਿੱਧੇ ਰਾਹ ਪਾ ਕੇ ਖੰਡਾਂ ਬ੍ਰਹਮੰਡਾਂ ਦੇ ਵਾਲੀ, ਬੇਅੰਤ ਅਥਾਹ ਪਰਮਾਤਮਾ ਦੇ ਸੋਹਲੇ ਗਾਉਣੇ ਸਿਖਾ ਦਿੱਤੇ। ਐਨੇ ਵੱਡੇ ਪ੍ਰੀਤਮ ਦੇ ਲੜ ਲਗਾ ਦਿੱਤਾ ਜਿਸਦੇ ਗੁਣਾਂ ਦਾ ਕੋਈ ਵਿਸਥਾਰ ਹੀ ਨਹੀਂ ਹੈ।

ਕੋਟਿ ਬਿਸਨ ਕੀਏ ਅਵਤਾਰ।।
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ।।
ਕੋਟਿ ਮਹੇਸ ਉਪਾਇ ਸਮਾਏ।।
ਕੋਟਿ ਬ੍ਰਹਮੇ ਜਗੁ ਸਾਜਣ ਲਾਏ।।੧।।
ਐਸੋ ਧਣੀ ਗੋਬਿੰਦ ਹਮਾਰਾ।।
ਬਰਨਿ ਨ ਸਾਕਉ ਗੁਣ ਬਿਸਥਾਰਾ।।
(ਭੈਰਉ ਮ: ੫, ਪੰਨਾ ੧੧੫੬)

ਦੇਵੀ, ਦੇਵਤੇ, ਅਵਤਾਰਾਂ ਅਤੇ ਸਾਰੀ ਕਾਇਨਾਤ ਨੂੰ ਰਚਨਵਾਲੇ ਦੀ ਪਛਾਣ ਕਰਵਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦੀ ਰਚਨਾ ਕੀਤੀ। ਕਲਿਜੁਗੀ ਜੀਵਾਂ ਨੂੰ ਕਲਿਜੁਗ ਦੇ ਅਸਰਾਂ ਤੋਂ ਬਚਕੇ ਸੱਚੀ ਕਿਰਤ ਕਰਕੇ, ਸੇਵਾ ਤੇ ਸਿਮਰਨ ਦੀ ਘਾਲਣਾ ਘਾਲ ਕੇ ਗੁਰਸਿੱਖੀ ਜੀਵਨ ਦੀਆਂ ਅਨੰਦ-ਮਈ ਛਹਿਬਰਾਂ ਵਿੱਚ ਕਹਾਉਂਦਿਆਂ ਹੋਇਆਂ ਜੀਵਨ ਬਿਤਾਉਣਾ ਸਿਖਾਇਆ। ਉਨ੍ਹਾਂ (ਗੁਰੂ ਨਾਨਕ ਦੇਵ ਜੀ) ਨੇ ਆਪਣੇ ਆਪ ਨੂੰ ਨੀਚ ਕਿਹਾ, ਨੀਵਾਂ ਕਿਹਾ, ਗਰੀਬੀ ਵੇਸ ਵਿੱਚ ਰਹਿ ਕੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਹਨੇਰੇ ਵਿਚੋਂ ਕਢ ਕੇ ਗਿਆਨ ਦੇ ਚਾਨਣ ਵਿੱਚ ਰੰਗਿਆ। ਲੋਕਾਂ ਦੇ ਮਥੇ ਆਪਣੇ ਪੈਰਾਂ ਉੱਤੇ ਨਹੀਂ ਟਿਕਾਏ। ਸੰਗੋਂ ਅਕਾਲ ਪੁਰਖ ਦਾ ਹੱਥ ਲੋਕਾਂ ਦੇ ਮਥਿਆਂ ਉੱਤੇ ਰਖਵਾਇਆ।

ਪਿਛਲੇ ਜੁਗਾਂ ਦਾ ਇਤਿਹਾਸ ਫੋਲੀਏ ਤਾਂ ਸਾਡੇ ਗੁਰੂਆਂ ਦੀ ਘਾਲਣਾ ਕਮਾਈ ਦੀ ਮਿਸਾਲ ਕਿਧਰੇ ਨਹੀਂ ਲੱਭਦੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤੱਤੀ ਤਵੀ ਤੇ ਬੈਠ ਕੇ ਭਾਣਾ ਮਿੱਠਾ ਮੰਨ ਕੇ, ਨਾਮ ਪਦਾਰਥ ਮੰਗਣਾ ਕੋਈ ਸਧਾਰਣ ਗਲ ਨਹੀਂ ਹੈ। ਦਸਵੇਂ ਪਾਤਸ਼ਾਹ ਨੇ


www.AKJ.Org

ਕਲਿਜੁਗ ਦੇ ਘੋਰ ਕਾਲੇ ਅੰਧਕਾਰ ਵਿਚ ਕੁਰਬਾਨੀਆਂ ਸ਼ਹੀਦੀਆਂ ਦੀਆਂ ਆਤਿਸ਼ਬਾਜ਼ੀਆਂ ਚਲਾ ਕੇ ਜਗ ਦੇ ਵਿਹੜੇ ਵਿੱਚ ਚੜ੍ਹਦੀ ਕਲਾ ਦੇ ਨੂਰਾਨੀ ਚੰਗਿਆੜਿਆਂ ਦਾ ਮੀਂਹ ਵਰਸਾਇਆ। ਸਾਡੀ ਸੱਚੀ ਸਰਕਾਰ ਨੇ ਸਾਨੂੰ ਕਲਿਜੁਗ ਦੇ ਝੂਠੇ ਕਸਾਈ ਰਾਜਿਆਂ ਦੇ ਜ਼ੁਲਮ ਨਾਲ ਟੱਕਰ ਲੈਣੀ ਸਿਖਾਈ। ਸੱਚ ਧਰਮ ਦਾ ਹੋਕਾ ਦੇਣ ਲਈ ਸਵਾ ਸਵਾ ਲੱਖ ਦੁਸ਼ਮਣਾਂ ਦੇ ਅੱਗੇ ਇਕੱਲਿਆ ਡੱਟ ਕੇ ਖਲੋਣ ਦੀ ਦਲੇਰੀ ਬਖਸ਼ਣ ਲਈ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਗਿੱਦੜਾਂ ਤੋਂ ਸ਼ੇਰ ਬਣਾਇਆ। ਸ਼ਹੀਦੀਆਂ ਦਾ ਜਾਮ ਪੀ ਕੇ ਲਟਬੌਰੇ ਹੋਣਾ ਸਿਖਾਇਆ। "ਚੁਭੀ ਮਾਰ ਸ੍ਰੁਤ ਪ੍ਰਭੂ ਚਰਨਨ ਮਹ।।" ਸੁਰਤੀ ਨੂੰ ਅਕਾਲ ਪੁਰਖ ਦੇ ਚਰਨਾ ਵਿਚ ਖੁਭੋ ਕੇ ਭਗਤੀ ਰਸ ਨਾਲ ਭਰਿਆ ਹੋਇਆ ਸੰਤ-ਸਿਪਾਹੀ, ਸਾਡਾ ਨੂਰੀ ਪਾਤਿਸ਼ਾਹ ਖਿੜੇ ਮੱਥੇ ਸਰਬੰਸ ਦਾਨ ਕਰਨ ਦੀਆਂ ਨਵੀਂਆਂ ਰੀਤਾਂ ਪਾ ਕੇ ਪੰਥ ਦੀ ਚੜ੍ਹਦੀ ਕਲਾ ਕਰਵਾ ਗਿਆ।

ਅੱਜ ਵੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੇਰ ਪੁੱਤਰਾਂ ਨੂੰ ਆਪਣੇ ਵਿਰਸੇ ਦਾ ਖਿਆਲ ਆਉਂਦਾ ਹੈ ਤਾ ਮਜ਼ਲੂਮਾਂ ਦੀ ਰੱਖਿਆ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਉਨ੍ਹਾਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ। ਕਲਿਜੁਗੀ ਹਾਕਮਾਂ ("ਰਾਜੇ ਸ਼ੀਂਹ ਮੁਕੱਦਮ ਕੁਤੇ") ਦੇ ਜ਼ੁਲਮਾਂ ਨਾਲ ਟੱਕਰ ਲੈਣ ਲਈ ਉਹ ਜ਼ੁਲਮ ਦੀਆਂ ਸਖਤ ਚਟਾਨਾਂ ਨਾਲ ਜਾ ਮੱਥਾ ਮਾਰਦੇ ਹਨ। ਦਸ਼ਮੇਸ਼ ਪਿਤਾ ਦੀ ਪ੍ਰੇਮ-ਖੁਮਾਰੀ ਵਿਚ ਝੂਮਦੇ ਹੋਏ ਉਹ ਅਸਹਿ ਤੇ ਅਕਹਿ ਤਸੀਹਿਆਂ ਦੀ ਭੱਠੀਆਂ ਵਿੱਚ ਝੋਕ ਹੁੰਦੇ ਹੋਏ ਪੰਥ ਦੇ ਵਾਲੀ ਨੂੰ ਯਾਦ ਕਰਦੇ ਹਨ, ਅਗੋਂ ਉਨ੍ਹਾਂ ਦਾ ਸੱਚਾ ਪਿਤਾ ਉਨ੍ਹਾਂ ਨੂੰ ਅਗਲਵਾਂਢੀ ਹੋ ਕੇ ਮਿਲਦਾ ਹੈ। ਦੁਖਾਂ ਦੀਆਂ ਘੜੀਆਂ ਨੂੰ ਚੜ੍ਹਦੀ ਕਲਾ ਦੇ ਰੰਗਾਂ ਵਿੱਚ ਰਹਿ ਕੇ ਬਤੀਤ ਕਰਨ ਦਾ ਬਲ ਬਖਸ਼ਦਾ ਹੈ।

ਸਤਿਜੁਗ ਵਿਚ ਰਾਜੇ ਧਰਮੀ ਸੀ। ਪਰਜਾ ਉਨ੍ਹਾਂ ਨੂੰ ਪਿਆਰ ਕਰਦੀ ਸੀ। ਜ਼ੁਲਮ ਦੀ ਘੋਰ ਕਾਲੀ ਰਾਤ ਪੈਂਦੀ ਹੀ ਨਹੀਂ ਸੀ, ਸ਼ਹੀਦੀਆਂ ਦੇ ਪ੍ਰੋਗਰਾਮ ਢਿਲੇ ਹੀ ਸੀ। ਜਦੋਂ ਕੋਈ ਬੱਚਾ ਦਿਨ ਵੇਲੇ ਫੁਲ-ਝੜੀ ਚਲਾਵੇ ਤਾਂ ਅਸੀਂ ਉਸ ਨੂੰ ਰੋਕਦੇ ਹਾਂ, ਕਹਿੰਦੇ ਹਾਂ, "ਠਹਿਰ ਜਾ...ਰਾਤ ਪੈ ਲੈਣ ਦੇਹ.. ਫਿਰ ਚਲਾਵੀਂ।" ਜਿਵੇਂ ਫੁਲਝੜੀ ਦੇ ਚੰਗਿਆੜੇ ਰਾਤ ਦੇ ਹਨ੍ਹੇਰੇ ਵਿਚ ਚੰਗੇ ਲੱਗਦੇ ਹਨ ਇਸੇ ਤਰ੍ਹਾਂ ਹੀ ਕਾਲੇ ਝੂਠ ਦੀ ਮੱਸਿਆ ਵਿੱਚ ਹੀ ਸ਼ਹੀਦੀਆਂ ਦੇ ਨੂਰਾਨੀ ਚੰਗਿਆੜੇ ਸਚਾਈ ਦੀ ਚਮਕ ਦਮਕ ਨਾਲ ਹਨ੍ਹੇਰੇ ਦਾ ਸੀਨਾ ਚੀਰ ਕੇ ਸਚਾਈ ਦੀਆਂ ਸੁਨਿਹਰੀ ਕਿਰਨਾਂ ਦੀ ਪਛਾਣ ਦੁਨੀਆਂ ਨੂੰ ਕਰਵਾਉਂਦੇ ਹਨ। ਕਲਿਜੁਗ ਦੀ ਮੇਹਰਬਾਨੀ ਸਦਕੇ ਮੱਸਿਆ ਦੀ ਕਾਲੀ ਹਨ੍ਹੇਰੀ ਰਾਤ ਵਿੱਚ ਗੁਰਮੁਖ ਜੀਊੜੇ ਸੱਚ ਦਾ ਚਾਨਣ ਫੈਲਾਉਣ ਦੇ ਆਹਰ ਵਿੱਚ ਲੱਗੇ ਰਹਿੰਦੇ ਹਨ। ਅੱਤਿਆਚਾਰਾਂ ਦੇ ਬੇਲਣੇ ਵਿਚ ਪੀੜ ਹੋ ਕੇ ਸ਼ਹੀਦੀਆਂ, ਕੁਰਬਾਨੀਆਂ ਦੇ ਮਿੱਠੇ ਰਸ ਦੀ ਪ੍ਰਾਪਤੀ ਕਰਦੇ ਹਨ। ਸ਼ਹੀਦੀਆਂ ਦੇ ਰਸਤੇ ਵਿਚੋਂ ਲੰਘ ਕੇ ਸੱਚੇ ਪਾਤਿਸ਼ਾਹ ਦੇ ਦਰ ਉਤੇ ਪਰਵਾਨ ਹੁੰਦੇ ਹਨ, ਸੱਚੀ ਦਰਗਾਹ ਵਿੱਚ ਸਨਮਾਨ ਪ੍ਰਾਪਤ ਕਰਦੇ ਹਨ। ਸ਼ਹੀਦ ਸਿੰਘਾਂ ਦੇ ਰੁਤਬੇ ਪ੍ਰਾਪਤ ਕਰਦੇ ਹਨ। ਪੰਥ ਦੇ ਵਾਲੀ ਦੀ ਸ਼ਹੀਦਾਂ ਸਿੰਘਾਂ ਦੀ ਫੌਜ ਵਿਚ ਭਰਤੀ ਹੁੰਦੇ ਹਨ।

ਜਿਹੜਾ ਬੱਚਾ ਇਮਤਿਹਾਨ ਦੇ ਡਰ ਤੋਂ ਇਮਤਿਹਾਨ ਦੇ ਹਾਲ ਵਿਚ ਹੀ ਨਹੀਂ ਜਾਂਦਾ ਉਹ ਪਾਸ ਹੋਣ ਦੇ ਸੁਪਨੇ ਕਿਵੇਂ ਲੈ ਸਕਦਾ ਹੈ ? ਅਸੀਂ ਕਲਿਜੁਗ ਦੇ ਘੋਰ ਅਸਰਾਂ ਦੇ ਪਸਾਰੇ ਵਿਚ ਘਿਰੇ ਹੋਏ ਹਾਂ। ਕਲਿਜੁਗ ਦੀ ਭਾਰੀ ਫੌਜ ਨੂੰ ਜਿੱਤਣ ਲਈ ਸਾਨੂੰ ਆਪਣੇ ਸਤਿਗੁਰੂ ਉੱਤੇ ਟੇਕ ਰੱਖਣੀ ਪਵੇਗੀ ਅਤੇ ਜੂਝ ਮਰਨ ਦੇ ਚਾਓ ਨਾਲ ਅਖਾੜੇ ਵਿੱਚ ਕੁੱਦਣਾ ਪਵੇਗਾ ਤਾਂ ਜੋ ਅਸੀਂ ਗੁਰਸਿੱਖੀ ਜੀਵਨ ਦੀਆਂ ਅਨਮੋਲ ਦਾਤਾਂ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਈਏ।

ਦੁਨੀਆਂ ਦੇ ਝੂਠੇ ਸੁੱਖਾਂ ਦੀ ਪ੍ਰਾਪਤੀ ਲਈ ਲਲਚਾ ਕੇ ਕਲਿਜੁਗ ਦਾ ਸੁਨਿਹਰੀ ਮੌਕਾ ਹਥੋਂ ਗੁਆਉਣਾ ਨਹੀਂ ਚਾਹੀਦਾ। ਕਲਿਜੁਗ ਦੀਆਂ ਦਾਤਾਂ ਨੂੰ ਠੁਕਰਾ ਕੇ ਦੁਖ ਸਹਿਣੇ ਹੀ ਪੈਣੇ ਹਨ। ਲੋਕਾਂ ਨੇ ਸਾਨੂੰ ਪਾਗਲ ਵੀ ਕਹਿਣਾ ਹੈ, ਨਿੰਦਿਆ ਵੀ ਖੂਬ ਹੋਣੀ ਹੈ, ਦੁਰਕਾਰਾਂ, ਫਿਟਕਾਰਾਂ ਸਹਿਣੀਆਂ ਹੀ ਪੈਣੀਆਂ ਹਨ। ਪਰ ਇਹ ਗੱਲਾਂ ਸਭ ਆਪਣੇ ਭਲੇ ਵਿੱਚ ਹੀ ਜਾਂਦੀਆਂ ਹਨ, ਦੁਨੀਆਂ ਨਾਲੋਂ ਮੋਹ ਤੋੜਦੀਆਂ ਹਨ... ਸਾਡੇ ਪਾਪ ਧੋ ਹੁੰਦੇ ਹਨ, ਰੂਹਾਨੀ ਜੀਵਨ ਦੀਆਂ ਸ਼ਕਤੀਆਂ ਲਈ ਰਾਹ ਖੁਲ੍ਹਦੇ ਹਨ। ਤਾਂ ਤੇ ਆਓ ਅਸੀਂ ਸਤਿਗੁਰੂ ਜੀ ਦੇ ਹੇਠਲੇ ਬਚਨਾਂ ਵਲ ਧਿਆਨ ਦੇਈਏ-

**ਅਬ ਕਲੂ ਆਇਓ ਰੇ।। ਇਕੁ ਨਾਮੁ ਬੋਵਹੁ ਬੋਵਹੁ।।**
**ਅਨ ਰੂਤਿ ਨਾਹੀ ਨਾਹੀ।। ਮਤੁ ਭਰਮਿ ਭੂਲਹੁ ਭੂਲਹੁ।।**

(ਪੰਨਾ ੧੧੫੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀ ਰੂਪ ਹੁਕਮਾਂ ਨੂੰ ਮੰਨਣ ਨਾਲ ਹੀ ਗੁਰੂ ਗਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਹੈ


www.AKJ.Org

# A TRUE STORY

JASPINDER SINGH, CANADA

A person of retarded growth, named Sadhu, had lived for about 40 years as a cripple upto 1970. He had little use of his hands or feet, nor could he talk or hear. His elder brother had moved to a city to earn a living and the sister, Bibi Joginder Kaur, also left her after her marriage. The old parents could not do much for the care of invalid Sadhu and his life was a misery.

**Sadhu Becomes Inmate of a Gurdwara.**

Baba Harnam Singh Ji was known as a pious Sikh, who was incharge of Gurdwara at Rampur Khera in District Hoshiarpur. Bibi Joginder Kaur had been visiting at Gurdwara from nearby village of her in-laws. Her concern for the cripple brother gave her the idea, that Sadhu could have a better life as inmate of this Gurdwara. She explained the situation to Baba Ji and requested him to accept Sadhu under his care. Not only Sadhu would be in better hands but she could also pay occasional visit. Baba Ji readily accepted the proposal, saying that house of the Guru is meant to be the support of those, who have no other support. He promised to do his best.

Bibi Joginder Kaur brought her brother in a horse cart to Rampur Khera and left him in the charge of Baba Ji in Gurdwara. On being fed, Sadhu gobbled eight chapaties greedily and the person serving him feared that Sadhu might fall sick due to over-eating. However, Baba Ji insisted that Sadhu be fed to his Satisfaction. Another four chapaties were served before he got satisfied.

**Pious Living**

Baba Ji would send for Sadhu to attend prayers, no matter if he could not hear. The morning prayers included Sukhmani Sahib, the Psalm of Peace of Guru Arjan Dev Ji. After a couple of days, Baba Ji shouted into Sadhu's ears to say `WAHEGURU'. Sadhu could only say `WA-DOO'. Baba Ji felt happy at this and taught him to say this with the count of a rosary. He was instructed in this and asked to practice this all the time.

Counting of beads while uttering `WA DOO' became an obsession with Sadhu and as months went by he could almost pronounce `WAHE GURU'. Not only this, he started using his limbs to walk about and to remove weeds. Soon he could use the digging implements like a farmer.

Thus a much improved Sadhu got initiated through Sikh Baptism after a year, to become `Sadhu Singh'. His simple and uncorrupted mind absorbed all that new surroundings had to offer by way of meditation and selfless service. He could now grow vegetables for the free Kitchen, while still engaged in Nam meditation.

It was noticed that Sadhu Singh was reciting `WAHE GURU' in his sleep. He would get up from his sleep to say, that he was hearing music. He would go looking arround to find the source of ethereal music and even ask Baba Ji about it. Baba Ji knew this to be the Divine benediction and would advise Sadhu Singh to go on with his meditation and enjoy the music. Sadhu Singh was a person in about normal health now and a well respected inmate of Gurdwara.



www.AKJ.Org

## Down Fall

Now when Sadhu Singh was a divinely blessed person. capable of his selfcare. his relatives alsc got interested in him. They would visit him and requested Baba Ji for permission to take Sadhu Singh for a visit to the family.

It was during such visits, that Sadhu Singh was first introduced to viewing television. Though unable to hear, he started enjoying the various shows. Here again his simple mind became obsessed with this new interest. He would keep watching T.V. till the last show ended. He would talk nothing else accept the shows. He would even refuse to go back to Gurdwara saying that, Baba Ji refused to have T.V. installed in Gurdwara. He would go any place to watch T.V. This proved to be undoing of his years of meditation at Gurdwara. No more could he hear the celestial music and his interest in meditation declined.

Baba Harnam Singh Ji is no more, but Sadhu Singh still lives. He narrates his story of spiritual uplift and then down fall after his interest in T.V. after 20 years of pious living. Though realization has dawned, but interest in T.V. still lurks.

While Guru Nanak was striving to have every house hold converted into 'House of God' where divine melody would flow, yet the demon of Kal Yug has made every house hold into a cinema hall through television. The entire family is kept glued to T.V. shows and the prayer times just do not occure to any one. The impressions of all that is viewed, dominate thought process. A quotation from Bhai Rattan Singh Bhangoo in Sri Guru Panth Prakash :

ਕਲੁ ਚਹੈ ਪਾਪੀ ਡੁਬ ਜਾਇ. ਬਾਬਾ ਚਹੈ ਉਨ ਪਾਰ ਲੰਘਾਇ।
ਬਾਬਾ ਆਪਣੀ ਛੱਡੇ ਨ ਬਾਣ. ਤਾਰਿਯੋ ਚਾਹੈ ਸਗਲ ਜਹਾਨ।।

While Kal Yug desires to destroy individual characters by making people sinful, Guru Nanak desires their well being through righteous living. The Guru is stead fast in his resolve and has hope for the deliverance of all.

Guru gave us a very potent weapon in the form of prayer. A sincere prayer even at a late stage does not go unanswered. The need is to conçentrate out minds for meaningful dialogue with our Lord through Gurbani, but influences like T.V. and other undesireable company scatter away out attention. Bhagat Kabir Ji says :

ਹੈ ਹਜੂਰਿ ਕਤ ਦੂਰਿ ਬਤਾਵਹੁ।।
ਦੁੰਦਰ ਬਾਧਹੁ ਸੁੰਦਰ ਪਾਵਹੁ।।੧।।ਰਹਾਉ।।(੧੧੬੦)

The Lord is nearer that the nearest, but to meet Him, you have to silent your mind by controlling it. Bhai Gurdas Ji in his Var No.36 :

ਬਾਜੀਗਰ ਦੀ ਖੇਡ ਜਿਉ. ਸਭ ਕੂੜੁ ਤਮਾਸਾ।।
ਰਲੇ ਜੋ ਸੰਗਤਿ ਮੀਣਿਆ. ਉਠਿ ਚਲੇ ਨਿਰਾਸਾ।।

The Wordly play is all false like the magician's show. Those, who delve in bad company, fritter away precious human life.

ਜਮ ਦੂਤੁ ਤਿਸੁ ਨਿਕਟਿ ਨ ਆਵੈ।। ਸਾਧ ਸੰਗਿ ਹਰਿ ਕੀਰਤਨ ਗਾਵੈ।।
ਸਗਲ ਮਨੋਰਥ ਤਾ ਕੇ ਪੂਰਨ, ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ।। (ਪੰਨਾ ੧੦੭੯)



www.AKJ.Org

# ਸਾਂਝੀਵਾਲਤਾ ਦਾ ਮਹਾਨ ਗ੍ਰੰਥ (੨)

"ਸੂਰਾ" ਸਤੰਬਰ, 95 ਦਾ ਬਾਕੀ... ਡਾ: ਕੁਲਦੀਪ ਸਿੰਘ ਹਉਰਾ

ਡਾ: ਟਰੰਪ ਇਸ ਗ੍ਰੰਥ ਨੂੰ ਹਿੰਦਵੀ-ਬੋਲੀਆਂ ਦਾ ਖਜ਼ਾਨਾ ਸਮਝਦਾ ਹੈ। ਨਿਰਸੰਦੇਹ ਇਸ ਵਿੱਚ ਹਿੰਦੁਸਤਾਨ ਦੀਆਂ ਲਗਭਗ ਸਾਰੀਆਂ ਬੋਲੀਆਂ ਦੇ ਸ਼ਬਦ ਮੌਜੂਦ ਹਨ। ਭਗਤ ਜੈਦੇਵ ਦੀ ਬਾਣੀ ਰਸੂੜੀ ਸੰਸਕ੍ਰਿਤ ਹੈ। ਭਗਤ ਨਾਮਦੇਵ ਤੇ ਭਗਤ ਤਿਰਲੋਚਨ ਜੀ ਦੀ ਰਚਨਾ ਮਰਾਠੀ ਵਿਚ ਹੈ। ਭਗਤ ਕਬੀਰ ਤੇ ਭਗਤ ਰਾਮਾਨੰਦ ਜੀ ਦੇ ਸ਼ਬਦ ਹਿੰਦੀ ਵਿੱਚ ਹਨ। ਫਰੀਦ ਜੀ ਤੇ ਗੁਰੂ ਸਹਿਬਾਨ ਦੀ ਬਾਣੀ ਨਿਰੋਲ ਪੰਜਾਬੀ ਵਿੱਚ ਹੈ। ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕਾਂ ਦੀ ਬੋਲੀ ਹਿੰਦੀ ਹੈ। ਇਸ ਤੋਂ ਛੁੱਟ ਅਰਬੀ ਤੇ ਫਾਰਸੀ ਦੇ ਉਹ ਸ਼ਬਦ ਵੀ ਮੌਜੂਦ ਹਨ ਜੋ ਪੰਜਾਬੀ ਵਿੱਚ ਰਚ-ਮਿਚ ਚੁੱਕੇ ਹਨ।

ਪ੍ਰੀਤਮ ਦਾ ਵਿਛੋੜਾ, ਗੁਰੂ ਦਰਸ਼ਨ ਦੀ ਸਿੱਕ, ਗੁਰੂ-ਮਿਲਾਪ ਦੀ ਖੁਸ਼ੀ ਦੀ ਝਲਕ ਅਤੇ ਕੁਦਰਤ ਦੇ ਅਨੂਪਮ ਦ੍ਰਿਸ਼ ਸਮੁੱਚੀ ਬਾਣੀ ਵਿੱਚ ਥਾਂ ਥਾਂ ਪ੍ਰਕਾਸ਼ਮਾਨ ਦਿਸਦੇ ਹਨ। ਜਿਹੜੇ ਲੋਕ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਨਹੀਂ ਮੰਨਦੇ, ਉਹ ਕੇਵਲ ਸਾਹਿਤਕ-ਸੁਆਦ ਖਾਤਰ ਹੀ ਇਸ ਦਾ ਅਧਿਐਨ ਕਰਦੇ ਤੇ ਪ੍ਰਭਾਵਤ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਸਾਹਿਤ ਦਾ ਅਮੋਲਕ ਭੰਡਾਰ ਹੈ। ਕਵਿਤਾ ਦੇ ਭੇਦਾਂ ਵਿਚੋਂ ਬਾਰਾਂ ਮਾਹ, ਪਉੜੀ, ਕਾਫੀ, ਬਾਵਨ ਅਖਰੀ, ਪੱਟੀ, ਸਲੋਕ, ਸ਼ਬਦ, ਰੁੱਤੀ, ਥਿੱਤੀ, ਸਤਵਾਰਾ, ਘੋੜੀਆਂ, ਅਲਹੁਣੀਆਂ, ਪਹਿਰੇ ਆਦਿ ਵਰਤੇ ਗਏ ਹਨ। ਛੰਦਾਂ ਵਿਚੋਂ ਦੋਹਿਰਾ, ਸੋਰਠਾ, ਚੌਪਈ, ਸਵਯੇ, ਸਿਰਖੰਡੀ, ਚਉਪਦਾ, ਦੁੱਪਦਾ, ਅਸ਼ਟਪਦੀ ਆਦਿ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚਲੀ ਰਚਨਾ ਸੁਹਜ-ਸੁਆਦ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕਹਿਰਾਂ ਦਾ ਸੰਕੋਚ ਹੈ। ਥੋੜੇ ਸ਼ਬਦਾਂ ਵਿੱਚ ਬਹੁਤੀ ਗੱਲ ਕਹਿਣੀ ਕਾਵਿਕ ਖੂਬੀ ਮੰਨੀ ਜਾਂਦੀ ਹੈ। ਗੁਰਬਾਣੀ ਵਿੱਚ ਸੰਕੋਚ ਦਾ ਕਾਰਨ ਤੀਖਨਤਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਤੀਰ ਦੇ ਤਿੱਖੇ ਨੁੱਕੇ ਹਨ ਜੋ ਅੰਦਰ ਧੱਸਦੇ ਜਾਂਦੇ ਹਨ। ਸੰਕੋਚ ਤਾਂ ਹੈ ਪਰ ਕਲਾ-ਹੀਣ ਨਹੀਂ। ਹੇਠਲੀਆਂ ਤੁਕਾਂ ਵਿੱਚ ਕਲਾ-ਭਰਪੂਰ ਸੰਕੋਚ ਵੇਖਿਆ ਜਾ ਸਕਦਾ ਹੈ-

1. "ਦੁਧ ਬਿਨੁ ਧੇਨੁ, ਪੰਖ ਬਿਨੁ ਪੰਖੀ,
   ਜਲ ਬਿਨੁ ਉਤਭੁਜ ਕਾਮਿ ਨਾਹੀ।।" (ਪੰਨਾ ੩੫੪)
2. "ਮਨੁ ਹਾਲੀ ਕਿਰਸਾਣੀ ਕਰਣੀ,
   ਸਰਮੁ ਪਾਣੀ ਤਨੁ ਖੇਤੁ।।" (ਪੰਨਾ ੫੯੫)

ਗੁਰੂ ਗ੍ਰੰਥ ਸਾਹਿਬ ਵਿਚਲੀ ਸੰਗੀਤਕ-ਪ੍ਰਣਾਲੀ ਵੀ ਨਿਰੋਲ ਮੌਲਿਕ ਹੈ। ਇਹ ਨਾਂ ਤਾਂ ਪੂਰਵ-ਭਾਰਤੀ ਸੰਗੀਤਕ ਪ੍ਰਣਾਲੀ ਨਾਲ ਮੇਲ ਖਾਂਦੀ ਹੈ, ਨਾਂ ਹੀ ਅਜੋਕੀਆਂ ਪ੍ਰਾਂਤਕ-ਸੰਗੀਤ ਪ੍ਰਣਾਲੀਆਂ ਨਾਲ ਇਸ ਦੀ ਕੋਈ ਸਾਂਝ ਹੈ। ਇਸ ਸੰਗੀਤਕ-ਪ੍ਰਣਾਲੀ ਨੂੰ 'ਗੁਰਮਤਿ-ਸੰਗੀਤ-ਪ੍ਰਣਾਲੀ' ਦਾ ਨਾਂ ਦਿੱਤਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਇਸ ਸੰਗੀਤ ਪ੍ਰਣਾਲੀ ਦੇ ਮੋਢੀ ਸਨ। ਆਪ ਨੇ ਗੁਰਮਤਿ ਦਾ ਪ੍ਰਚਾਰ ਹੀ ਕੀਰਤਨ ਦੁਆਰਾ ਕੀਤਾ। ਗੁਰੂ ਸਾਹਿਬਾਨ ਦੀਆਂ ਰਾਗ ਪ੍ਰਤੀ ਸੰਕਲਪ ਨੂੰ ਮੂਰਤੀਮਾਨ ਕਰਦੀਆਂ ਕੁਝ ਤੁਕਾਂ ਇਹ ਹਨ-

1. ਧਨਾਸਰੀ ਧਨਵੰਤੀ ਜਾਣੀਐ ਭਾਈ
   ਜਾਂ ਸਤਿਗੁਰ ਕੀ ਕਾਰ ਕਮਾਇ।। (ਪੰਨਾ ੧੪੧੯)
2. ਹਰਿ ਉਤਮੁ ਹਰਿ ਪ੍ਰਭੁ ਗਾਵਿਆ
   ਕਰਿ ਨਾਦ ਬਿਲਾਵਲੁ ਰਾਗੁ।। (ਪੰਨਾ ੮੪੯)
3. ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ।।(ਪੰਨਾ ੬੪੨)

ਸ੍ਰੀ ਗੁਰੂ ਗ੍ਰੰਥ ਸਾਹਿਬ 12ਵੀਂ ਤੋਂ 17ਵੀਂ ਸਦੀ ਤੱਕ ਦੇ ਭਾਰਤ ਦਾ ਭਗਤੀ ਭਾਵ ਤੇ ਅਧਿਆਤਮਕ, ਸਮਾਜਕ ਤੇ ਰਾਜਨੀਤਕ ਤੱਥਾ ਦਾ ਪ੍ਰਭਾਵਸ਼ਾਲੀ, ਪਰ ਸੰਕੇਤਕ ਤੇ ਸੰਖੇਪ ਪ੍ਰਤਿਬਿੰਬ ਪੇਸ਼ ਕਰਦਾ ਹੈ। ਇਸ ਵਿੱਚ ਜਿਹੜੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ ਉਹ ਸਾਰੇ ਹੀ ਗ੍ਰਹਿਸਤੀ ਸਨ। ਉਹਨਾਂ ਨੇ ਮਨ ਦੀ ਸ਼ਾਂਤੀ ਲਈ ਸੰਸਾਰ ਦਾ ਤਿਆਗ ਨਹੀਂ ਕੀਤਾ, ਸਗੋਂ ਸਮਾਜ ਵਿੱਚ ਵਿਚਰਕੇ ਸਮਾਜ ਦੀ ਅਧੋਗਤੀ ਨੂੰ ਵੇਖਿਆ ਤੇ ਉਸ ਬਾਰੇ ਆਵਾਜ਼ ਉਠਾਈ। ਇਹ ਤਾਂ ਹੋ ਸਕਦਾ ਹੈ ਕਿ ਕਿਸੇ ਦੀ ਸੁਰ ਉਚੀ ਹੋਵੇ, ਕਿਸੇ ਦੀ ਨਿੰਮੀ, ਕਿਸੇ ਦੀ ਤਰਕਮਈ, ਕਿਸੇ ਦੀ ਸਹਾਨਭੂਤੀ ਵਾਲੀ, ਪਰ ਸਭ ਮਹਾਂਪੁਰਸ਼ਾਂ ਨੇ ਸਮਕਾਲੀ ਗਲਤ-ਕੀਮਤਾਂ ਦੇ ਵਿਰੁੱਧ ਆਵਾਜ਼ ਜ਼ਰੂਰ ਉਠਾਈ। ਉਹਨਾਂ ਨੇ ਨੈਤਿਕ-ਗਿਰਾਵਟ, ਸਮਾਜਿਕ-ਆਰਥਿਕ ਨਾ-ਬਰਾਬਰੀ, ਘਰੇਲੂ-ਜੀਵਨ, ਸਮਾਜਕ, ਸਦਾਚਾਰਕ ਤੇ ਰਾਜ-ਪ੍ਰਬੰਧ ਦੇ ਸੁਆਰਥੀ ਹਿੱਤਾਂ ਬਾਰੇ ਖੁੱਲ੍ਹਾ-ਡੁੱਲ੍ਹਾ ਤੇ ਚਿੰਨ੍ਹਤਮਕ ਢੰਗ ਨਾਲ ਬਿਆਨ ਕੀਤਾ ਹੈ। ਖਾਸ ਕਰਕੇ ਗੁਰੂ ਨਾਨਕ ਸਾਹਿਬ ਦੀ ਦਲੇਰੀ, ਨਿਰਭੈਤਾ, ਨਿੱਡਰਤਾ, ਮਾਨਵ-ਪ੍ਰੇਮ, ਸਾਹਸ, ਦ੍ਰਿੜਤਾ ਭਰੀ ਸੁਰ, ਸ਼ਾਮ ਦ੍ਰਿਸ਼ਟ ਤੇ ਕੌਮੀ-ਉਸਾਰੀ ਵਾਲੀ ਲਗਨ ਤੇ ਸੰਘਰਸ਼ ਭਰੇ ਕਰਮ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜ਼ੁਲਮ-ਵਿਰੁੱਧ ਚਾਨਣ ਪਾਉਂਦਿਆਂ



www.AKJ.Org

ਆਪ ਦੀਆ ਤੁਕਾਂ *"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ। ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ"* ਅੱਖਾਂ ਖੋਲ੍ਹਣ ਵਾਲੀਆਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਪ੍ਰਚੱਲਤ ਰਸਮਾਂ, ਰਿਵਾਜਾਂ ਤੇ ਰੀਤਾਂ ਦਾ ਵਰਨਣ ਵੀ ਮਿਲਦਾ ਹੈ। ਉਸ ਸਮੇਂ ਦੇ ਹਿੰਦੂਆਂ, ਜੋਗੀਆਂ, ਜੈਨੀਆਂ, ਬ੍ਰਹਾਮਣਾਂ, ਮੁਸਲਮਾਨ ਮੌਲਾਣਿਆਂ, ਕਾਜ਼ੀਆਂ, ਜੋਗੀਆਂ ਬਾਰੇ ਵੀ ਖੁਲ੍ਹ ਕੇ ਲਿਖਿਆ ਗਿਆ ਮਿਲਦਾ ਹੈ। ਸੰਨਿਆਸੀਆਂ, ਵੈਸ਼ਨਵਾਂ, ਬ੍ਰਹਮਚਾਰੀਆਂ, ਕੰਨ-ਪਾਟੇ ਜੋਗੀਆਂ, ਸੂਫੀਆਂ,- ਬੈਰਾਗੀਆਂ ਆਦਿ ਦੇ ਲੱਛਣ ਵਿਸਤਾਰ ਨਾਲ ਦਸੇ ਗਏ ਹਨ।

ਲੋਕਾਂ ਦੇ ਫੋਕੇ ਕਰਮ-ਕਾਂਡ, ਵਿਅਰਥ ਰਸਮਾਂ ਤੇ ਯਾਤਰਾਵਾਂ ਆਦਿ ਦਾ ਵਰਨਣ ਵੀ ਮਿਲਦਾ ਹੈ। ਪੁਰਾਣੇ ਮਿਥਿਹਾਸ ਸੰਬੰਧੀ ਜਾਣਕਾਰੀ ਵੀ ਮਿਲਦੀ ਹੈ। ਪੁਰਾਣਿਕ-ਕਥਾਵਾਂ ਵਿਚੋਂ ਬ੍ਰਹਮਾ, ਸ਼ਿਵਜੀ, ਨਾਰਦ, ਬਿਆਸ, ਪ੍ਰਹਿਲਾਦ, ਹਰਨਾਖਸ਼, ਲੱਛਮੀ, ਧਰੂ ਮਾਰਕੰਡਾ, ਮੱਛ, ਕੱਛ, ਜਨਮੇਜਾ, ਵਿਸ਼ਨੂੰ ਆਦਿ ਦਾ ਜ਼ਿਕਰ ਵੀ ਮਿਲਦਾ ਹੈ। ਇਸ ਪਖੋਂ ਇਹ ਮਹਾਨ ਗ੍ਰੰਥ ਮਿਥਿਹਾਸਕ ਹਵਾਲਿਆਂ ਦਾ ਵੀ ਖ਼ਜ਼ਾਨਾ ਹੈ।

ਮੱਧ ਕਾਲ ਦੇ ਆਰਥਿਕ ਜੀਵਨ ਬਾਰੇ ਵੀ ਪਤਾ ਲਗਦਾ ਹੈ। ਉਸ ਵੇਲੇ ਆਰਥਿਕ ਢਾਂਚਾ ਖੇਤੀ-ਪ੍ਰਧਾਨ ਜਾਂ ਘਰੇਲੂ ਉਦਯੋਗਾਂ ਦਾ ਸੀ। ਬਹੁਤੇ ਲੋਕ ਭਾਵੇਂ ਖੇਤੀ-ਬਾੜੀ ਦਾ ਕਿੱਤਾ ਕਰਦੇ ਸਨ ਪਰ ਮੋਚੀਆਂ, ਜੁਲਾਹਿਆਂ ਤੇ ਲਲਾਰੀਆਂ ਦਾ ਵਰਨਣ ਵੀ ਆਇਆ ਹੈ। ਆਮ ਲੋਕ ਆਟਾ, ਦਾਲ, ਘਿਉ, ਸ਼ੱਕਰ, ਗੁੜ, ਦੁੱਧ ਦੀ ਵਰਤੋਂ ਕਰਦੇ ਸਨ, ਇਹ ਵੀ ਪਤਾ ਲਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਅਧਿਐਨ ਕਰਨ ਤੋਂ, ਡਾ: ਟਰੰਪ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਲਿਖਦਾ ਹੈ। *"ਇਹ ਗ੍ਰੰਥ ਸ਼ਬਦ-ਉਸਾਰੀ ਦੇ ਭਿੰਨ ਭਿੰਨ ਨਮੂਨਿਆ ਦਾ ਅਮੁੱਤ ਭੰਡਾਰ ਹੈ। ਪਰਸਪਰ ਭਾਸ਼ਾਈ ਸੰਪਰਕਾਂ ਦਾ ਸੰਗਮ ਕਾਵਿਕ ਰੂਪਕਾਂ ਤੇ ਸ਼ੈਲੀਆਂ ਦਾ ਅਨੂਪਮ ਸੰਗ੍ਰਹਿ ਹੈ। ਇਹ ਗ੍ਰੰਥ ਅਨੁਭਵੀ ਤੇ ਗੰਭੀਰ ਸੂਝ-ਬੂਝ ਦੇ ਆਦਰਸ਼ਾਂ ਦਾ ਸਿਖਰ ਹੈ। ਪੰਜਾਬੀ ਦੇ ਵਾਸਤਵਿਕ ਚਿੱਤਰਾਂ ਦਾ ਸੁੰਦਰ ਐਲਬਮ, ਸਦਾਚਾਰ/ਸਭਿਆਚਾਰ ਤੇ .ਧਰਮ ਦਾ ਖੂਬਸੂਰਤ ਗੁਲਦਸਤਾ ਹੈ।"*

ਨੋਬਲ ਪੁਰਸਕਾਰ ਵਿਜੇਤਾ ਸ੍ਰੀ ਮਤੀ ਪਰਲ ਐਸ ਬੱਕ ਦਾ ਕਥਨ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਐਸਾ ਸਰੋਤ-ਗ੍ਰੰਥ ਹੈ, ਜਿਸ ਵਿਚ ਮਨੁੱਖ ਦੀ ਅਕਾਂਖਿਆ, ਉਤਕੰਠਾ ਤੇ ਅਕਾਲ ਪੁਰਖ ਅੱਗੇ ਕੀਤੀ ਅਰਜੋਈ ਅਤੇ ਅਕਾਲ ਪੁਰਖ ਨਾਲ ਸੰਪਰਕ ਕਾਇਮ ਕਰਨ ਦੀ ਲਾਲਸਾ ਦਾ ਜ਼ਿਕਰ ਹੈ। ਮੈਂ ਕਿਸੇ ਹੋਰ ਧਾਰਮਿਕ ਗ੍ਰੰਥ ਵਿੱਚ ਦਿਲ ਤੇ ਦਿਗਾਮ ਨੂੰ ਖਿਚ ਪਾਉਣ ਵਾਲੀ ਅਜਿਹੀ ਸ਼ਕਤੀ ਨਹੀਂ ਦੇਖੀ ਜਿਹੋ ਜਿਹੀ ਇਸ ਗ੍ਰੰਥ ਵਿੱਚ ਵੇਖੀ ਹੈ.....ਮੈਂ ਇਸ ਧਰਮ ਗ੍ਰੰਥ ਨੂੰ ਇਕ ਮਹਾਨ ਗ੍ਰੰਥ ਮੰਨਦੀ ਹਾਂ, ਇਹ ਗ੍ਰੰਥ ਮੈਨੂੰ ਜੀਵਨ ਤੇ ਮੌਤ, ਸਮੇਂ ਤੇ ਅਨੰਤਤਾ, ਮਨੁੱਖੀ ਸਰੀਰ ਤੇ ਉਸਦੀਆਂ ਲੋੜਾਂ,ਰਹਸਮਈ ਮਨੁੱਖੀ ਆਤਮਾ ਤੇ ਉਸ ਦੀਆਂ ਅਭਿਲਾਸ਼ਾਵਾਂ ਨੂੰ ਪੂਰੀਆਂ ਕਰਨ, ਵਾਹਿਗੁਰੂ ਤੇ ਮਨੁੱਖ ਦੇ ਆਪਸੀ ਸਦਾ ਕਾਇਮ ਰਹਿਣ ਵਾਲੇ ਸਬੰਧਾਂ ਬਾਰੇ ਦੱਸਦਾ ਹੈ।

*****

ਪੰਨਾ ੧੦ ਦਾ ਬਾਕੀ......

ਤੋਂ ਬਚ ਜਾਂਦਾ ਹੈ। ਮਹਾਂਵਾਕ ਹੈ-

ਬਲਵੰਤਿ ਬਿਆਪਿ ਰਹੀ ਸਭ ਮਹੀ।।
ਅਵਰੁ ਨ ਜਾਨਸਿ ਕੋਊ ਮਰਮਾ.
ਗੁਰ ਕਿਰਪਾ ਤੇ ਲਹੀ।।੧।। ਰਹਾਉ।।
ਜੀਤਿ ਜੀਤਿ ਜੀਤੇ ਸਭਿ ਥਾਨਾ.
ਸਗਲ ਭਵਨ ਲਪਟਹੀ।।
ਕਹੁ ਨਾਨਕ ਸਾਧ ਤੇ ਭਾਗੀ.
ਹੋਇ ਚੇਰੀ ਚਰਨ ਗਹੀ।। (ਪੰਨਾ ੪੯੯)

ਸੋ ਸਿੱਟਾ ਇਹ ਨਿਕਲਿਆ ਕਿ ਇਸ ਮਾਇਆ ਤੋਂ ਨਿਰਲੇਪ ਰਹਿਣਾ, ਤੇ ਗੁਰੂ ਕ੍ਰਿਪਾ ਦੀ ਆਸ ਰੱਖਣਾ ਸ਼ੁੱਭ ਹਨ। ਸਾਧ ਸੰਗਤਿ ਵਿੱਚ ਰਹੀ ਕੀਰਤਨ ਕਰਨਾ ਤੇ ਸੁਣਨਾ ਮਾਇਆ ਤੋਂ ਬਚਣ ਦੇ ਸਾਧਨ ਹਨ। ਜੋ ਗੁਰਸਿੱਖ ਆਪਣੇ ਸੱਚੇ ਦਿਲ ਨਾਲ ਇਸ ਭੁਲੇਖੇ ਭਰਮ ਰੂਪੀ ਨਾਗਨੀ ਮਾਇਆ ਤੋਂ ਬਚਣ ਲਈ ਸਾਧਨ ਕਰੇ ਤਾਂ ਗੁਰੂ ਕ੍ਰਿਪਾ ਉਸਦੀ ਮਦਦ ਲਈ ਆਦ੍ਰਿਸ਼ਟ ਹੀ ਉਸਦਾ ਪੱਖ ਕਰੇਗੀ, ਉਸਨੂੰ ਕਦਮ ਕਦਮ ਤੇ ਰਹਿਨੁਮਾਈ ਕਰੇਗੀ, ਫਿਰ ਉਸ ਦੀ ਨਾਮ ਬਾਣੀ ਵੱਲ ਰੁਚੀ ਵੱਧਦੀ ਜਾਏਗੀ ਤੇ ਉਹ ਚੜ੍ਹਦੀ ਕਲਾ ਪ੍ਰਾਪਤ ਕਰੇਗਾ। ਹਿਰਦੇ ਦੀ ਲਗਨ ਤੇ ਗੁਰੂ ਤੇ ਵਿਸ਼ਵਾਸ਼ ਜ਼ਰੂਰੀ ਹੈ। ਫਿਰ ਇਹ ਮਾਇਆ-

ਸਾਧੂ ਕੈ ਠਾਢੀ ਦਰਬਾਰਿ।।
ਸਰਨਿ ਤੇਰੀ ਮੋਕਉ ਨਿਸਤਾਰਿ।।(ਪੰਨਾ ੮੭੨)

ਮੁਤਾਬਕ ਆਪਣਾ ਬਚਾਉ ਕਰਨ ਲਈ ਸਾਧ ਜਨਾ ਅੱਗੇ ਹੀ ਨਿਮਾਣੀ ਤੇ ਆਜਿਜ਼ ਬਣਕੇ ਆਪਨੇ ਬਚਾਓ ਲਈ ਪੁਕਾਰ ਕਰੇਗੀ ਤੇ ਗੁਰਸਿੱਖ 'ਗੁਸਾਈ ਦੇ ਪਹਲਵਾਨੜੇ' ਬਣ ਕੇ ਇਸ ਜਗ ਵਿੱਚ ਵਿਚਰਨਗੇ।



www.AKJ.Org

## ਵਾਰ ਮਾਰੂ ਡਖਣੇ (੫)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਡਖਣੇ ਮ: ੫।।

ਆਗਾਹਾ ਕੂ ਤ੍ਰਾਘਿ. ਪਿਛਾ ਫੇਰਿ ਨ ਮੁਹਡੜਾ।।
ਨਾਨਕ ਸਿਝਿ ਇਵੇਹਾ ਵਾਰ. ਬਹੁੜਿ ਨ ਹੋਵੀ ਜਨਮੜਾ।।੧।।
ਮ:੫।। ਸਜਣੁ ਮੈਡਾ ਚਾਈਆ. ਹਭ ਕਹੀ ਦਾ ਮਿਤੁ।।
ਹਭੇ ਜਾਣਨਿ ਆਪਣਾ. ਕਹੀ ਨ ਠਾਹੇ ਚਿਤੁ।।੨।।
ਮ:੫।। ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ।।
ਸੋਈ ਸੁਹਾਵਾ ਥਾਨੁ. ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ।।੩।।

ਉਚਾਰਣ : ਤ੍ਰਾਘਿ-'ਾਂ' ਉਚਾਰਣ ਨਾਸਕੀ। ਮੈਡਾ-'ਮੈਂ' ਉਚਾਰਣ ਨਾਸਕੀ।

ਪਦ ਅਰਥ : ਅਗਾਹਾ-ਅਗੇ ਹੀ ਅਗੇ। ਕੂ-ਵਾਸਤੇ, ਵਲ। ਤ੍ਰਾਘਿ-ਇਛਾ ਕਰ। ਪਿਛਾ-ਪਿਛੇ ਵਲ। ਮੁਹਡੜਾ-ਮੋੜਾ। ਸਿਝਿ-ਨਿਬੇੜਾ ਕਰ, ਸਫਲਤਾ ਪ੍ਰਾਪਤ ਕਰ ਲੈ। ਇਵੇਹਾ ਵਾਰ-ਇਹੋ ਜਹੀ ਉਤਮ ਵਾਰੀ ਹੀ, ਇਸੇ ਉਤਮ ਮਨੁਖਾ ਜਨਮ ਵਿਚ ਹੀ। ਬਹੁੜਿ-ਫਿਰ।੧।

ਮੈਡਾ-ਮੇਰਾ। ਚਾਈਆ-ਚਾਉ ਵਾਲਾ। ਹਭ ਕਹੀ ਦਾ-ਹਰ ਕਿਸੇ ਦਾ। ਹਭੇ-ਸਾਰੇ ਹੀ। ਕਹੀ-ਕਿਸੇ ਦਾ ਵੀ। ਨ ਠਾਹੇ-ਨਹੀਂ ਢਾਹੁੰਦਾ, ਨਹੀਂ ਤੋੜਦਾ।੨।

ਗੁਝੜਾ-ਧੁਰ ਅੰਦਰ ਗੁਪਤ ਰਖਿਆ ਹੋਇਆ। ਲਧਮੁ-ਮੈਨੂੰ ਲੱਭ ਪਿਆ ਹੈ। ਮਥੈ ਹੀ-ਮੱਥੇ ਤੇ ਹੀ। ਥਿਆ-ਹੋ ਗਿਆ ਹੈ। ਸੁਹਾਵਾ-ਸੁਹਾਵਣਾ, ਸੁੰਦਰ। ਪਿਰੀਏ ਨਾਨਕ ਜੀ-ਹੇ ਨਾਨਕ ਦੇ ਪ੍ਰੀਤਮ ਜੀ। ਤੂ ਵੁਠਿਆ- ਤੂੰ ਆ ਵਸਿਆ ਹੈਂ।੩।

ਅਰਥ : (ਜੀਵਨ ਪ੍ਰਯੰਤ ਚੜ੍ਹਦੀ ਕਲਾ ਵਿੱਚ ਰਹੁ) ਸਦਾ ਅਗੇ ਹੀ ਅਗੇ (ਵਧਣ) ਲਈ ਲੋਚਾ ਕਰ, (ਕਦੀ ਵੀ) ਪਿਛਲੇ ਪਾਸੇ ਮੋੜਾ ਨਾ ਮੋੜ (ਢਹਿੰਦੀ ਕਲਾ ਵਿੱਚ ਨਾ ਆ)।

ਨਾਨਕ! (ਮਨੁੱਖਾ ਜਨਮ ਹੀ ਪ੍ਰਭੂ ਨੂੰ ਮਿਲਣ ਦੀ ਵਾਰੀ ਹੈ) ਏਸੇ ਵਾਰ (ਮਨੁੱਖਾ ਜਨਮ ਵਿੱਚ) ਹੀ (ਆਪਣੀ ਮੰਤਵ ਪੂਰਤੀ ਵਿੱਚ) ਸਫਲਤਾ ਪ੍ਰਾਪਤ ਕਰ ਲੈ, ਤਾਂ ਜੁ ਤੇਰਾ ਜਨਮ (ਹੋਰ ਜੂਨਾਂ ਵਿੱਚ) ਫਿਰ ਫਿਰ ਨਾ ਹੋਵੇ।੧।

ਮੇਰਾ ਪ੍ਰਭੂ ਮਿੱਤਰ ਅਨੰਤ ਚਾਉ ਵਾਲਾ ਹੈ (ਜੋ ਸਭ ਕਿਸੇ ਨੂੰ ਖੇੜਾ ਬਖ਼ਸ਼ਦਾ ਹੈ), ਉਹ ਹਰ ਕਿਸੇ ਦਾ ਸੱਜਣ ਹੈ। ਸਾਰੇ ਜੀਵ ਉਸਨੂੰ ਆਪਣਾ ਸਮਝਦੇ ਹਨ (ਅਤੇ ਉਹ ਹਰ ਕਿਸੇ ਦੀ ਅਪਣੱਤ ਨੂੰ ਸਵੀਕਾਰਦਾ ਹੈ), ਉਹ ਕਿਸੇ ਦਾ ਵੀ ਦਿਲ ਨਹੀਂ ਤੋੜਦਾ।੨।

ਮੈਨੂੰ (ਹਿਰਦੇ ਵਿਚੋਂ ਹੀ) ਗੁਪਤ ਨਾਮ-ਲਾਲ ਲੱਭ ਪਿਆ ਹੈ, ਅਤੇ ਇਹ ਚਿਹਰੇ ਤੇ ਆ ਪ੍ਰਗਟਿਆ ਹੈ (ਭਾਵ, ਮੱਥਾ ਇਸ ਅਮੁੱਲੀ ਲਭਤ ਕਾਰਨ ਨੂਰੋ- ਨੂਰ ਹੋ ਗਿਆ ਹੈ)। ਉਹ ਹਿਰਦਾ-ਥਾਨ ਸੁਹਾਵਣਾ ਹੈ ਜਿਥੇ ਹੇ ਨਾਨਕ ਦੇ ਪਿਆਰੇ ਪ੍ਰੀਤਮ ਜੀ! ਤੂੰ ਆ ਵਸਿਆ ਹੈਂ।੩।

ਪਉੜੀ।।

ਜਾ ਤੂੰ ਮੇਰੈ ਵਲਿ ਹੈ. ਤਾ ਕਿਆ ਮੁਹਛੰਦਾ।।
ਤੁਧੁ ਸਭੁ ਕਿਛੁ ਮੈਨੋ ਸਉਪਿਆ. ਜਾ ਤੇਰਾ ਬੰਦਾ।।
ਲਖਮੀ ਤੋਟਿ ਨ ਆਵਈ. ਖਾਇ ਖਰਚਿ ਰਹੰਦਾ।।
ਲਖ ਚਉਰਾਸੀਹ ਮੇਦਨੀ. ਸਭ ਸੇਵ ਕਰੰਦਾ।।
ਏਹ ਵੈਰੀ ਮਿਤ੍ਰ ਸਭ ਕੀਤਿਆ. ਨਹ ਮੰਗਹਿ ਮੰਦਾ।।
ਲੇਖਾ ਕੋਇ ਨ ਪੁਛਈ. ਜਾ ਹਰਿ ਬਖਸੰਦਾ।।
ਅਨੰਦੁ ਭਇਆ ਸੁਖੁ ਪਾਇਆ. ਮਿਲਿ ਗੁਰ ਗੋਵਿੰਦਾ।।
ਸਭੇ ਕਾਜ ਸਵਾਰਿਐ. ਜਾ ਤੁਧੁ ਭਾਵੰਦਾ।।੭।।

ਉਚਾਰਣ : ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਜਾ-ਜਦ। ਤਾ-ਤਦ। ਨ ਮੰਗਹਿ-ਨਹੀਂ ਮੰਗਦੇ।
ਸਉਪਿਆ-'ਉ' ਉਚਾਰਣ ਨਾਸਕੀ।
ਕੀਤਿਆ-ਉਚਾਰਣ ਨਾਸਕਤਾ ਰਹਿਤ।
ਨਹ-'ਹ' ਉਚਾਰਣ 'ਹਿ' ਵਾਂਗ ਨਹੀਂ।

ਪਦ ਅਰਥ : ਮੁਹਛੰਦਾ-ਮੁਥਾਜੀ। ਬੰਦਾ-ਸੇਵਕ, ਗੁਲਾਮ। ਲਖਮੀ-ਮਾਇਆ। ਤੋਟਿ-ਘਾਟ। ਮੇਦਨੀ-ਪ੍ਰਿਥਵੀ। ਕੀਤਿਆ-ਕਰ ਦਿਤੇ ਹਨ। ਨਹ ਮੰਗਹਿ-ਨਹੀਂ ਮੰਗਦੇ। ਬਖਸੰਦਾ-ਬਖ਼ਸ਼ਣ ਵਾਲਾ। ਸਵਾਰਿਐ-ਸਵਾਰ ਦਿਤੇ ਹਨ। ਭਾਵੰਦਾ-ਚੰਗਾ ਲਗਣ ਵਾਲਾ।

ਅਰਥ : (ਹੇ ਸਰਬ-ਕਲਾ-ਸਮਰੱਥ ਪ੍ਰਭੂ) ਜਦੋਂ ਤੂੰ ਮੇਰੇ ਪੱਖ ਵਿੱਚ ਹੈਂ ਤਾਂ ਮੈਨੂੰ ਕਾਹਦੀ ਮੁਥਾਜੀ ?

ਹੁਣ ਜਦ ਮੈਂ ਤੇਰਾ ਸੇਵਕ ਹੋ ਗਿਆ, ਤਾਂ ਤੂੰ (ਲੋੜੀਂਦਾ) ਸਾਰਾ ਕੁਝ ਮੈਨੂੰ ਬਖ਼ਸ਼ ਦਿੱਤਾ ਹੈ।

ਹੁਣ ਮੈਨੂੰ ਮਾਇਆ (ਮਾਇਕ ਪਦਾਰਥਾਂ) ਦੀ ਘਾਟ ਕਦੀ ਨਹੀਂ ਆਉਂਦੀ, ਮੈਂ (ਮੌਜ ਨਾਲ) ਖਾਂਦਾ ਖਰਚਦਾ ਰਹਿੰਦਾ ਹਾਂ।

ਪ੍ਰਿਥਵੀ ਦੇ ਚੌਰਾਸੀ ਲਖ (ਜੂਨਾ ਦੇ ਜੀਵ-ਜੰਤੂ) ਸਾਰੇ ਮੇਰੀ ਸੇਵਾ ਕਰਦੇ ਹਨ।

ਇਹ (ਕਾਮਾਦਿਕ ਪੰਜੇ ਦੂਤ ਮਨੁੱਖ-ਮਾਤਰ ਦੇ) ਵੈਰੀ ਤੂੰ ਮੇਰੇ ਮਿੱਤਰ ਬਣਾ ਦਿੱਤੇ ਹਨ, ਹੁਣ ਉਹ ਮੇਰਾ ਬੁਰਾ ਨਹੀਂ ਲੋਚਦੇ।

ਹਰੀ ! ਜਦ ਤੂੰ ਬਖ਼ਸ਼ਣਹਾਰ (ਮੇਰੇ ਸਿਰ ਤੇ) ਹੈਂ ਤਾਂ


www.AKJ.Org

ਕੋਈ (ਜਮ ਆਦਿਕ ਮੈਥੋਂ ਕਰਮਾਂ ਦਾ) ਲੇਖਾ ਨਹੀਂ ਪੁੱਛ ਸਕਦਾ।

ਗੋਬਿੰਦ ਰੂਪ ਗੁਰੂ ਨੂੰ ਮਿਲ ਕੇ (ਮੇਰੇ ਮਨ ਵਿਚ) ਖੇੜਾ ਖਿੜ ਪਿਆ ਹੈ, ਸੁਖ ਪ੍ਰਾਪਤ ਹੋਇਆ ਹੈ।

ਹੁਣ ਜਦ ਮੈਂ ਤੈਨੂੰ ਭਾ ਗਿਆ ਹਾਂ (ਚੰਗਾ ਲਗ ਗਿਆ ਹਾਂ) ਤਾਂ ਤੂੰ (ਕਿਰਪਾ ਕਰ ਕੇ) ਮੇਰੇ ਸਾਰੇ ਕਾਰਜ ਸਵਾਰ ਦਿੱਤੇ ਹਨ।੭।

**ਡਖਣੇ ਮ: ੫।।**

**ਡੇਖਣ ਕੂ ਮੁਸਤਾਕੁ, ਮੁਖੁ ਕਿਜੇਹਾ ਤਉ ਧਣੀ।।**
**ਫਿਰਦਾ ਕਿਤੈ ਹਾਲਿ, ਜਾ ਡਿਠਮੁ ਤਾ ਮਨੁ ਧ੍ਰਾਪਿਆ।।੧।।**
**ਮ:੫। ਦੁਖੀਆ ਦਰਦ ਘਣੇ, ਵੇਦਨ ਜਾਣੈ ਤੂ ਧਣੀ।।**
**ਜਾਣਾ ਲਖ ਭਵੇ, ਪਿਰੀ ਡਿਖੰਦੋ ਤਾ ਜੀਵਸਾ।।੨।।**
**ਮ:੫।।ਢਹਦੀ ਜਾਇ ਕਰਾਰਿ, ਵਹਣਿ ਵਹੰਦੇ ਮੈ ਡਿਠਿਆ।।**
**ਸੇਈ ਰਹੇ ਅਮਾਣ, ਜਿਨਾ ਸਤਿਗੁਰੁ ਭੇਟਿਆ।।੩।।**

**ਉਚਾਰਣ** : ਮੁਸਤਾਕੁ-'ਸ' ਉਚਾਰਣ ਵਿਸ਼ੇਸ਼ ਧੁਨੀ।
ਢਹਦੀ-(੧) 'ਹ' ਉਚਾਰਣ 'ਹਿ' ਵਾਂਗ ਨਹੀਂ।
(੨) 'ਹ' ਦਾ ਉਚਾਰਣ ਨਾਸਕੀ।
ਜਿਨਾ-'ਨ' ਉਚਾਰਣ ਭਾਰਾ।
ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ:
ਜਾ-ਜਦੋਂ। ਤਾ-ਤਦੋਂ। ਜਾਣਾ-ਮੈਂ ਜਾਣਦਾ ਹਾਂ। ਜੀਵਸਾ-ਜੀਊ ਸਕਾਂਗਾ (ਸਕਦਾ ਹਾਂ)। ਜਿਨਾ-ਜਿਨ੍ਹਾਂ ਨੂੰ।

**ਪਦ ਅਰਥ** : ਡੇਖਣ ਕੂ-ਵੇਖਣ ਲਈ। ਮੁਸਤਾਕ-ਚਾਹਵਾਨ। ਕਿਜੇਹਾ-ਕਿਹੋ ਜਿਹਾ? ਤਉ-ਤੇਰਾ। ਧਣੀ-ਹੇ ਪ੍ਰਭੂ! ਕਿਤੈ ਹਾਲਿ-ਕਿਸੇ ਵੀ ਹਾਲਤ ਵਿਚ। ਜਾ-ਜਦੋਂ। ਡਿਠਮੁ-ਮੈਂ ਵੇਖਿਆ। ਤਾ-ਤਦੋਂ। ਧ੍ਰਾਪਿਆ-ਤ੍ਰਿਪਤ ਹੋ ਗਿਆ।੧।

ਘਣੇ-ਬਹੁਤੇ। ਵੇਦਨ-ਪੀੜਾ। ਧਣੀ-ਹੇ ਮਾਲਿਕ! ਜਾਣਾ ਲਖ ਭਵੇ-ਮੈਂ ਜਾਣਦਾ ਹਾਂ ਲੱਖ (ਜਤਨ) ਹੋ ਗਏ। ਪਿਰੀ ਡਿਖੰਦੋ-ਪਿਆਰਾ ਦਿਸ ਪਵੇ। ਜੀਵਾਸਾ-ਮੈਂ ਜੀਊ ਸਕਾਂਗਾ।੨।

ਕਰਾਰਿ-ਨਦੀ ਦੀ ਕੰਧੀ (ਕੰਢਾ)। ਵਹਣਿ-ਹੜ੍ਹ ਵਿਚ, ਰੋੜ੍ਹ ਵਿਚ। ਮੈ ਡਿਠਿਆ-ਮੈਂ ਵੇਖੇ ਹਨ। ਸੇਈ- ਉਹ ਹੀ ਮਨੁੱਖ (ਬਹੁ-ਵਚਨ)। ਅਮਾਣ-ਸਹੀ-ਸਲਾਮਤ, ਸੁਰੱਖਿਅਤ। ਭੇਟਿਆ-ਮਿਲ ਪਿਆ।੩।

**ਅਰਥ** : ਹੇ (ਲੋਕ ਪਰਲੋਕ ਦੇ) ਮਾਲਿਕ ! ਮੈਂ ਵੇਖਣ ਦਾ ਚਾਹਵਾਨ ਹਾਂ ਕਿ ਤੇਰਾ ਮੁਖਾਰਬਿੰਦ ਕਿਹੋ ਜਿਹਾ ਸੁੰਦਰ ਹੈ।

(ਦੀਦਾਰੋਂ ਸਖਣਾ) ਮੈਂ ਕਿਸੇ (ਤਰਸਯੋਗ) ਹਾਲਤ ਵਿਚ ਭਟਕਦਾ ਫਿਰਦਾ ਸਾਂ,ਹੁਣ ਜਦੋਂ ਮੈਂ ਤੇਰਾ ਦੀਦਾਰ ਕਰ ਲਿਆ ਹੈ ਤਾਂ ਮੇਰਾ ਮਨ ਤ੍ਰਿਪਤ ਹੋ ਗਿਆ ਹੈ।੧।

ਮੈਂ ਦੁਖੀਆ ਹਾਂ, ਮੈਨੂੰ ਬੇਅੰਤ ਦੁਖ-ਦਰਦ ਹਨ। ਹੇ ਪ੍ਰਭੂ ! ਮੇਰੀ ਅੰਦਰਲੀ ਪੀੜਾ ਕੇਵਲ ਤੂੰ ਹੀ ਜਾਣਦਾ ਹੈਂ।

ਜੇ ਮੈਨੂੰ ਪਿਆਰਾ ਪ੍ਰੀਤਮ ਦਿਸ ਪਵੇ ਤਾਂ ਮੈਂ ਜੀ ਉਠਦਾ ਹਾਂ। ਮੈਂ ਇਉਂ ਸਮਝ ਲੈਂਦਾ ਹਾਂ ਕਿ (ਮੇਰੀ ਵੇਦਨਾ ਦੂਰ ਕਰਨ ਦੇ ) ਲੱਖਾ ਉਪਾਵ (ਸੁਤੇ ਹੀ) ਹੋ ਗਏ।੨।

ਮੈਂ (ਹੜ੍ਹ ਚੜ੍ਹਦੇ ਅਤੇ ਉਹਨਾ ਦੇ) ਰੋੜ੍ਹ ਵਿਚ ਕਈ (ਮਨੁੱਖ) ਰੁੜ੍ਹਦੇ ਵੇਖੇ ਹਨ, ਓਦੋਂ ਨਦੀ ਕੰਧੀ (ਕੰਡਾ) ਵੀ ਢਹਿ ਢਹਿ ਪੈਂਦੀ ਹੈ। (ਭਾਵ, ਜੀਵਨ ਵਿਚ ਜਦੋਂ ਕੋਈ ਹੋਣੀ ਵਰਤਦੀ ਹੈ ਤਾਂ ਮਨੁੱਖੀ ਭਰੋਸਾ ਭੁਰ ਭੁਰ ਪੈਂਦਾ ਹੈ)।

ਕੇਵਲ ਉਹ ਮਨੁੱਖ ਹੀ ਸਹੀ-ਸਲਾਮਤ ਰਹਿੰਦੇ ਹਨ ਜਿਨ੍ਹਾਂ ਨੂੰ ਸਤਿਗੁਰੂ ਮਿਲ ਪਿਆ ਹੋਵੇ।੩।

**ਪਉੜੀ।।**

**ਜਿਸੁ ਜਨ ਤੇਰੀ ਭੁਖ ਹੈ, ਤਿਸੁ ਦੁਖੁ ਨ ਵਿਆਪੈ।।**
**ਜਿਨਿ ਜਨਿ ਗੁਰਮੁਖਿ ਬੁਝਿਆ, ਸੁ ਚਹੁ ਕੁੰਡੀ ਜਾਪੈ।।**
**ਜੋ ਨਰੁ ਉਸ ਕੀ ਸਰਣੀ ਪਰੈ, ਤਿਸੁ ਕੰਬਹਿ ਪਾਪੈ।।**
**ਜਨਮ ਜਨਮ ਕੀ ਮਲੁ ਉਤਰੈ, ਗੁਰ ਧੂੜੀ ਨਾਪੈ।।**
**ਜਿਨਿ ਹਰਿ ਭਾਣਾ ਮੰਨਿਆ, ਤਿਸੁ ਸੋਗੁ ਨ ਸੰਤਾਪੈ।।**
**ਹਰਿ ਜੀਉ ਤੂ ਸਭਨਾ ਕਾ ਮਿਤੁ ਹੈ, ਸਭਿ ਜਾਣਹਿ ਆਪੈ।।**
**ਐਸੀ ਸੋਭਾ ਜਨੈ ਕੀ, ਜੇਵਡੁ ਹਰਿ ਪਰਤਾਪੈ।।**
**ਸਭ ਅੰਤਰਿ ਜਨ ਵਰਤਾਇਆ, ਹਰਿ, ਜਨ ਤੇ ਜਾਪੈ।।੮।।**

**ਉਚਾਰਣ** : ਹੇਠ ਲਿਖੇ ਪਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਚਹੁ ਕੁੰਡੀ-ਚਹੁਆਂ ਕੂੰਟਾਂ (ਦਿਸ਼ਾਂ) ਵਿਚ। ਕੰਬਹਿ-ਕੰਬਦੇ ਹਨ। ਨਾਪੈ-'ਨ' ਉਚਾਰਣ ਭਾਰਾ।

**ਪਦ ਅਰਥ** : ਨ ਵਿਆਪੈ-ਨਹੀਂ ਪੁੰਹਦਾ। ਜਿਨਿ ਜਿਨਿ-ਜਿਸ ਜਨ ਨੇ। ਗੁਰਮੁਖਿ-ਗੁਰੂ ਦੁਆਰਾ।

ਜਾਪੈ-ਉਘਾ ਹੋ ਜਾਂਦਾ ਹੈ। ਤਿਸੁ ਕੰਬਹਿ ਪਾਪੈ-ਉਸ ਪਾਸੋਂ ਪਾਪ ਕੰਬਦੇ ਹਨ। ਮਲੁ- (ਪਾਪਾਂ ਦੀ) ਮੈਲ। ਨਾਪੈ- ਨ੍ਹਾਉਂਦਾ ਹੈ। ਸੋਗੁ ਨ ਸੰਤਾਪੈ- ਨਾ ਕੋਈ ਝੋਰਾ ਹੈ ਨਾ ਦੁਖ। ਸਭਿ ਜਾਣਹਿ ਆਪੈ- ਸਾਰੇ ਜੀਵ ਤੈਨੂੰ ਆਪਣਾ ਹੀ ਜਾਣਦੇ ਹਨ। ਜੇਵਡੁ-ਜਿਡਾ ਵੱਡਾ। ਹਰਿ ਪਰਤਾਪੈ-ਹਰੀ ਦਾ ਤੇਜ ਪਰਤਾਪ। ਜਾਪੈ- ਜਾਪਦਾ ਹੈ, ਜਾਣਿਆ ਜਾਂਦਾ ਹੈ।੮।

**ਅਰਥ** : (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੇਰੀ (ਤੇਰੇ ਦਰਸ-ਮਿਲਾਪ ਦੀ) ਭੁਖ (ਤਾਂਘ) ਹੈ, ਉਸ ਨੂੰ ਕੋਈ ਦੁਖ ਨਹੀਂ ਪੁਹ ਸਕਦਾ।

ਜਿਸ ਸੇਵਕ ਨੇ ਗੁਰੂ (ਦੀ ਦੀਖਿਆ) ਦੁਆਰਾ ਤੈਨੂੰ ਬੁਝ (ਜਾਣ) ਲਿਆ ਹੈ, ਉਹ ਚੌਹੁਆਂ ਦਿਸ਼ਾਂ ਵਿਚ ਜਾਣਿਆ ਜਾਂਦਾ (ਭਾਵ, ਉੱਘਾ ਹੋ ਜਾਂਦਾ) ਹੈ।



www.AKJ.Org

ਜਿਹੜਾ ਮਨੁੱਖ ਉਸ (ਸ਼ਰਨ-ਜੋਗ ਗੁਰੂ) ਦੀ ਸ਼ਰਨੀ ਪੈ ਜਾਵੇ, ਉਸ ਪਾਸੋਂ ਪਾਪ ਥਰ ਥਰ ਕੰਬਦੇ ਹਨ (ਭਾਵ, ਪਾਪ ਉਸ ਦੇ ਨੇੜੇ ਨਹੀਂ ਫਟਕ ਸਕਦੇ)।

ਜਿਸ ਵਡਭਾਗੀ ਮਨੁੱਖ ਦਾ ਗੁਰੂ- ਚਰਨਾਂ ਦੀ ਧੂੜੀ ਵਿਚ ਇਸ਼ਨਾਨ ਹੋ ਜਾਏ, ਉਸ ਦੀ ਜਨਮ-ਜਨਮਾਤਰਾਂ ਦੀ (ਪਾਪਾਂ ਦੀ) ਮੈਲ ਕਟੀ ਜਾਂਦੀ ਹੈ।

ਜਿਸ ਜੀਵ ਨੇ ਵਾਹਿਗੁਰੂ ਦਾ ਭਾਣਾ (ਰਜ਼ਾਅ) (ਮਨ, ਬਚਨ, ਕਰਮ ਕਰਕੇ) ਮੰਨ ਲਿਆ, ਉਸ ਨੂੰ ਕੋਈ ਸੋਗ ਸੰਤਾਪ (ਚਿੰਤਾ ਝੋਰਾ) ਵਿਆਪਦਾ ਨਹੀਂ।

ਹਰੀ ਪ੍ਰਭੂ ਜੀਉ ! ਤੂੰ ਸਾਰੇ ਜੀਵਾਂ ਦਾ ਸੱਜਣ ਹੈਂ, ਇਸੇ ਕਰਕੇ ਸਾਰੇ ਤੈਨੂੰ ਆਪਣਾ ਜਾਣਦੇ ਹਨ।

ਜਿਡਾ ਵੱਡਾ ਹਰੀ -ਪ੍ਰਭੂ ਦਾ ਤੇਜ ਪਰਤਾਪ ਹੈ, ਅਜਿਹੀ (ਓਡੀ ਵੱਡੀ ਹੀ) ਸੇਵਕ ਦੀ ਮਹਿਮਾ ਹੋ ਜਾਂਦੀ ਹੈ।

(ਹਰੀ-ਪ੍ਰਭੂ ਵਲੋਂ) ਸੇਵਕ ਅੰਦਰ ਸਾਰੀ ਸਤਿਆ ਟਿਕਾ ਕੇ ਅਜਿਹਾ ਵਰਤਾਰਾ ਵਰਤਾਇਆ ਜਾਂਦਾ ਹੈ ਕਿ ਉਹ (ਪ੍ਰਭੂ) ਸੇਵਕ (ਦੀ ਨਿਰਮਲ ਕਰਣੀ) ਤੋਂ ਸਾਮਰਤੱਖ ਹੁੰਦਾ ਹੈ।੮।

## "ਸੂਰਾ" ਅਗਸਤ,1995 ਵਿੱਚ ਦਿੱਤੇ ਗਏ ਬੱਚਿਆਂ ਲਈ ਸਵਾਲਾਂ ਦੇ ਜਵਾਬ

1. ਨੌਜਵਾਨ ਸ਼ਾਹਬਾਜ਼ ਸਿੰਘ ਨੇ ਮੁਸਲਮਾਨ ਬਣ ਕੇ ਕਾਜ਼ੀ ਦੀ ਸੁੰਦਰ ਲੜਕੀ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਕਾਜ਼ੀ ਨੇ ਲਾਹੌਰ ਦੇ ਗਵਰਨਰ ਪਾਸ ਸ਼ਿਕਾਇਤ ਕਰ ਦਿੱਤੀ ਕਿ ਸ਼ਾਹਬਾਜ਼ ਸਿੰਘ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਵਿੱਚ ਬਹੁਤ ਭੱਦੇ ਸ਼ਬਦ ਵਰਤੇ ਹਨ ਅਤੇ ਉਹ ਇਸਲਾਮ ਧਰਮ ਵਿੱਚ ਵੀ ਕਈ ਨੁਕਸ ਦੱਸਦਾ ਹੈ। ਇਸ ਇਲਜ਼ਾਮ ਕਾਰਨ ਪਿਉ ਪੁੱਤਰ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸਲਾਮ ਧਰਮ ਨਾ ਕਬੂਲਣ ਕਾਰਨ ਚਰਖੜੀਆਂ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।
2. ਜਮਰੌਦ ਦੇ ਕਿਲ੍ਹੇ ਉੱਤੇ ਪਠਾਣਾ ਦੇ ਹਮਲੇ ਦੀ ਖਬਰ ਬੀਬੀ ਹਰਸ਼ਰਨ ਕੌਰ ਨੇ ਰਾਤੋ ਰਾਤ ਸ੍ਰ: ਹਰੀ ਸਿੰਘ ਨਲੂਆ ਨੂੰ ਪਿਸ਼ਾਵਰ ਪਹੁੰਚਾਈ।

   ਬੀਬੀ ਹਰਸ਼ਰਨ ਕੌਰ ਹਿੰਦੂਆਂ ਦੀ ਲੜਕੀ ਸੀ। ਜਦੋਂ ਇਸ ਦਾ ਵਿਆਹ ਹੋਇਆ ਤਾਂ ਚਿਮਨੀ ਦਾ ਪਠਾਣ ਇਸ ਦਾ ਡੋਲਾ ਖੋਹ ਕੇ ਲੈ ਗਿਆ ਸੀ। ਸ੍ਰ: ਹਰੀ ਸਿੰਘ ਨਲੂਆ ਨੇ ਇਸ ਨੂੰ ਛੁਡਾ ਕੇ ਲਿਆਂਦਾ ਸੀ। ਇਸ ਬੀਬੀ ਨੇ ਆਪਣੇ ਵਾਰਸਾਂ ਨਾਲ ਜਾਣ੍ਹ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਪਤੀ ਸਮੇਤ ਅੰਮ੍ਰਿਤ ਛਕ ਕੇ ਜਮਰੌਦ ਦੇ ਕਿਲ੍ਹੇ ਵਿੱਚ ਖਾਲਸੇ ਦੀ ਸੇਵਾ ਕਰ ਰਹੀ ਸੀ।
3. ਬਾਬਾ ਬੰਦਾ ਸਿੰਘ ਬਹਾਦਰ ਅਤੇ ਮੁਗਲ ਫ਼ੌਜਾਂ ਦੀ ਲੋਹਗੜ੍ਹ ਵਾਲੀ ਦੂਜੀ ਜੰਗ ਵਿੱਚ ਬਹਾਦਰ ਸਿੰਘਾਂ ਨੇ ਰਾਤੋ ਰਾਤ ਸੁਰੰਗ ਪੁੱਟ ਕੇ ਦੁਸ਼ਮਣ ਦੀ ਵੱਡੀ ਤੋਪ ਕਿਲ੍ਹੇ ਅੰਦਰ ਖਿੱਚ ਲਈ ਸੀ।
4. ਸਭਰਾਵਾਂ ਦੀ ਲੜਾਈ ਵਿੱਚ ਸਿੱਖਾਂ ਦੇ ਅੰਗਰੇਜ਼ਾਂ ਹੱਥੋਂ ਹਾਰਨ ਦੇ ਹੇਠ ਲਿਖੇ ਕਾਰਨ ਸਨ-
   - i) ਗੱਦਾਰ ਮਿਸਰ ਤੇਜ ਸਿੰਘ ਤੇ ਮਿਸਰ ਲਾਲ ਸਿੰਘ ਦਾ ਬਿਨਾ ਕਾਰਨ ਲੜਾਈ ਵਿੱਚੋਂ ਭੱਜ ਨਿਕਲਣਾ ਅਤੇ ਜਾਂਦੇ ਹੋਇਆਂ ਬਾਰੂਦ ਨਾਲ ਭਰੀਆਂ ਬੇੜੀਆਂ ਨੂੰ ਦਰਿਆ ਵਿੱਚ ਡੋਬ ਦੇਣਾ ਤੇ ਸਤਲੁਜ ਤੇ ਬਣਾਏ ਗਏ ਪੁਲ ਨੂੰ ਤੋੜ ਦੇਣਾ।
   - ii) ਗੱਦਾਰਾਂ ਦਾ ਮਿੰਟ ਮਿੰਟ ਦੀਆਂ ਖਬਰਾਂ ਅੰਗ੍ਰੇਜ਼ਾਂ ਨੂੰ ਪਹੁੰਚਾਉਣਾ।
   - iii) ਬਰੂਦ ਦੀਆਂ ਨਵੀਆਂ ਪੇਟੀਆਂ ਵਿੱਚੋਂ ਬਰੂਦ ਦੀ ਥਾਂ ਰੇਤ ਤੇ ਸਰ੍ਹੋਂ ਦੇ ਭਰੇ ਹੋਏ ਹੋਣਾ ਜਿਸ ਕਾਰਨ ਸਿੱਖਾਂ ਦੀਆਂ ਤੋਪਾਂ ਚੱਲਣੋਂ ਬੰਦ ਹੋ ਗਈਆਂ।
5. ਚਮਕੌਰ ਦੀ ਜੰਗ ਵਿੱਚ ਜਦੋਂ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਤਾਂ ਪੰਜ ਸਿੰਘਾਂ ਨੇ "ਗੁਰਮਤਾ" ਸੋਧ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਹੁਣ ਇੱਥੋਂ ਚਲੇ ਜਾਓ, ਆਪ ਜੀ ਦੇ ਜੀਵਨ ਨਾਲ ਪੰਥ ਜੀਉਂਦਾ ਹੈ, ਆਪ ਪੰਥ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾ ਕੇ ਪ੍ਰਫੁੱਲਤ ਕਰ ਸਕੋਗੇ।

   ਗੁਰੂ ਜੀ ਪੰਜਾਂ ਪਿਆਰਿਆਂ ਦੇ 'ਹੁਕਮ' ਨੂੰ ਮੰਨਦੇ ਹੋਏ ਚਮਕੌਰ ਦੀ ਗੜ੍ਹੀ ਛੱਡਣ ਲਈ ਰਜ਼ਾਮੰਦ ਹੋ ਗਏ।


www.AKJ.Org

# ਖਾਲਸਾ ਜੀ ਕੇ ਬੋਲ ਬਾਲੇ ਕਿਵੇਂ ਹੋਣ ?

(ਗਿਆਨੀ ਸੇਵਾ ਸਿੰਘ 'ਸੇਵਕ')

ਅਸੀਂ ਸ੍ਰੀ ਕਲਗੀਧਰ ਜੀ ਦੇ ਅਵਤਾਰ ਗੁਰਪੁਰਬ ਹਰ ਸਾਲ ਖੇਚਲ ਤੇ ਖਰਚ ਕਰ ਕੇ ਬੜੇ ਉਤਸ਼ਾਹ ਨਾਲ ਮਨਾਉਂਦੇ ਹਾਂ ਪਰ ਇਸ ਅਵਸਰ ਨੂੰ ਸਵੈ-ਪੁਛਾਂ, ਸਵੈ-ਪੜਚੋਲ, ਸਵੈ-ਘੋਖਨਾ ਤੇ ਸਵੈ-ਅੰਤਰ ਝਾਤ ਦਾ ਵਿਸ਼ਾ ਨਹੀਂ ਬਣਾਇਆ। ਆਓ ! ਅੱਜ ਵਿਚਾਰੀਏ ਕਿ ਅਸੀਂ ਕਿਥੋਂ, ਕਿਥੇ ਆ ਖੜੇ ਹੋਏ ਹਾਂ ?

ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਨੇ ਬੀਰਤਾ ਤੇ ਕੁਰਬਾਨੀ ਦੀਆਂ ਸਿਖਰਾਂ ਛੁਹ ਕੇ ਕੌਮ ਵਿਚ ਆਤਕ-ਸੱਤਾ ਦੇ ਨਾਲ ਨਾਲ ਧਰਮ ਪਰਪੱਕਤਾ ਤੇ ਰਾਜ-ਸੱਤਾ ਲਿਆਂਦੀ। ਇਸ ਦਾ ਫਲ ਰੂਪ, ਖਾਲਸੇ ਦੀ ਸਾਜਨਾ ਤੋਂ ਸੌ ਸਾਲ ਪਿਛੋਂ ਪੰਜਾਬ ਵਿਚ ਖਾਲਸੇ ਦਾ ਆਦਰਸ਼ਕ ਰਾਜ ਕਾਇਮ ਹੋਇਆ। ਇਸ ਰਾਜ ਦੇ ਪਤਨ ਕਾਰਨ ਸੌ ਸਾਲ ਪਿਛੋਂ ਸਿੰਘ ਸਭਾ ਲਹਿਰ ਸ਼ੁਰੂ ਹੋਈ ਜਿਸ ਨੇ ਖਾਲਸੇ ਵਿਚ ਮੁੜ ਈਸ਼ਵਰ ਭਗਤੀ, ਗੁਰੂ-ਭਗਤੀ , ਸਤਸੰਗੀ ਸਾਂਝ, ਮੈਤ੍ਰੀ ਭਾਵ, ਨਿਮਰਤਾ, ਸੇਵਾ ਤੇ ਸਰਬ ਸਾਂਝੇ ਪਿਆਰ ਦਾ ਜਜ਼ਬਾ ਪੈਦਾ ਕੀਤਾ। ਗੁਰਦੁਆਰਾ ਸੁਧਾਰ ਲਹਿਰ ਨੇ ਕੌਮ ਵਿਚ ਜਾਗਰਤੀ, ਸਾਹਸ ਜਥੇਬੰਦੀ, ਆਤਮ-ਨੁ-ਛਾਵਰਤਾ ਤੇ ਕੁਰਬਾਨੀ ਨੂੰ ਜਨਮ ਦਿੱਤਾ ਪਰ ਗੁਰਦੁਆਰਾ ਐਕਟ ਅਨੁਸਾਰ ਸਿੱਖੀ ਅਸੂਲਾਂ ਤੇ ਗੁਰਮਤਿ ਪਰਚਾਰ ਤੋਂ ਦੂਰ ਲੈ ਜਾਣ ਵਾਲੇ, ਚੋਣਾਂ ਦੇ ਗਲਤ ਤਰੀਕੇ ਨੇ ਸਿੱਖਾਂ ਨੂੰ ਧੜੇਬੰਦੀਆਂ ਵਿਚ ਵੰਡ ਕੇ, ਫੁੱਟ, ਦਵੇਖ, ਹਉਮੈ, ਈਰਖਾ, ਖੁਦਗਰਜ਼ੀ, ਭ੍ਰਿਸ਼ਟਾਚਾਰ ਤੇ ਮਾਨਵ-ਪੂਜਾ ਦੀ ਹਾਨੀਕਾਰਕ ਖੇਡ ਵਿੱਚ ਲਾ ਦਿੱਤਾ। ਸ਼੍ਰੋਮਣੀ ਕਮੇਟੀ, ਇਕ ਰਸਮੀ ਸਰਕਾਰੀ ਮਹਿਕਮਾ ਬਣ ਕੇ ਰਹਿ ਗਈ। ਸਿੱਖੀ ਜੀਵਨ, ਨਾਮ ਬਾਣੀ ਦਾ ਪ੍ਰੇਮ , ਗੁਰੂ ਸਤਿਕਾਰ ਪ੍ਰੇਮਾ ਭਗਤੀ, ਭਉ ਤੇ ਭਾਉ, ਖਾਲਸਈ ਸਾਂਝ ਤੇ ਪ੍ਰਸਪਰ ਪਿਆਰ ਘੱਟਣ ਲੱਗਾ। ਕੌਮ ਵਿੱਚ ਆ ਚੁੱਕੇ ਔਗੁਣਾਂ ਕਾਰਨ ਬੜੀਆਂ ਘਾਲਨਾਵਾਂ ਨਾਲ ਪਰਾਪਤੀ ਕੀਤੀ ਰਾਜਸੀ ਸਤਾ ਦੀ ਗੱਲ ਤੇ ਵਰਤੋਂ ਨੇ ਭਰਾ ਨੂੰ ਭਰਾ ਦਾ ਵਿਰੋਧੀ ਬਣਾ ਦਿੱਤਾ। ਆਗੂਆਂ ਵਿੱਚ ਵਾਪਰ ਚੁੱਕੀ ਮਾਇਆ ਦੀ ਤ੍ਰਿਸ਼ਨਾ ਤੇ ਚੌਧਰ ਦੀ ਭੁੱਖ ਨੇ ਇਕ ਦੂਜੇ ਦਾ ਸਤਿਕਾਰ ਤੇ ਪਿਆਰ ਸਾਂਝ ਘਟਾ ਕੇ ਕੌਮ ਨੂੰ ਨਿਆਸਰੀ, ਵਿਕਾਰਹੀਣ ਤੇ ਨਿਤਾਣੀ ਬਣਾ ਦਿੱਤਾ। ਨਵੀਂ ਪੀੜ੍ਹੀ, ਚੰਗੀ ਅਗਵਾਈ ਤੋਂ ਵੰਚਿਤ ਹੋ ਜਾਣ ਕਰਕੇ ਨਿਰਾਸਤਾ, ਨਾਸਤਕਤਾ ਤੇ ਪਤਿਤਤਾਈ ਦੇ ਰਾਹ ਪੈ ਰਹੀ ਹੈ। ਕੌਮ ਦੀ ਜਿੰਦ ਜਾਨ ਤੇ ਕੇਂਦਰੀ ਧੁਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੋਂ ਦੂਰ ਜਾ ਕੇ ਅਸੀਂ ਲੋਕ ਤੇ ਪਰਲੋਕ ਦੀ ਸਫਲਤਾ ਤੋਂ ਹੱਥ ਧੋ ਲੈਂਦੇ ਹਾਂ। ਇਹ ਹੈ ਕਲਗੀਧਰ ਜੀ ਦੇ ਮੁਰੀਦਾ ਦਾ ਹਾਲ।

ਛੋਟੀ ਜਿਹੀ ਸਿੱਖ ਕੌਮ ਵਿਚੋਂ ਗਦਰ ਲਹਿਰ, ਅਕਾਲੀ ਲਹਿਰ ਤੇ ਹੋਰ ਅੰਗਰੇਜੀ ਵਿਰੋਧੀ ਲਹਿਰਾਂ ਵਿਚ 60 ਹਜ਼ਾਰ ਸਿੱਖ ਕੈਦ ਹੋਏ, 5 ਸੌ ਦੇ ਕਰੀਬ ਸ਼ਹੀਦ ਹੋਏ, 20 ਲੱਖ ਰੁਪਏ ਦੇ ਕਰੀਬ ਜੁਰਮਾਨੇ ਤੇ ਕੁਰਕੀਆਂ ਹੋਈਆਂ। ਸੈਂਕੜੇ ਸਿੱਖ ਸਰਕਾਰੀ ਨੌਕਰੀਆਂ ਤੋਂ ਵਿਹਲੇ ਹੋਏ। ਦੇਸ਼ ਦੀ ਵੰਡ ਸਮੇਂ ਸਿੱਖਾਂ ਦਾ ਕਦੀ ਪੂਰਾ ਨਾ ਹੋਣ ਵਾਲਾ ਅਮਿੱਤ ਨੁਕਸਾਨ ਕੌਮ ਦਾ ਲੱਕ ਤੋੜ ਗਿਆ ਪਰ ਸਾਹਸ, ਬਲ ਦੇ ਉਤਸ਼ਾਹ ਦੇ ਆਸਰੇ ਇਹ ਕੌਮ ਫੇਰ ਪੈਰਾਂ ਤੇ ਖੜੀ ਹੋ ਗਈ। ਚੀਨ ਤੇ ਪਾਕਿਸਤਾਨ ਨਾਲ ਹੋਏ ਜੰਗਾਂ ਵਿੱਚ ਜਿਸ ਬੀਰਤਾ, ਤਿਆਗ ਤੇ ਕੁਰਬਾਨੀ ਦਾ , ਦਿਖਾਵਾ ਇਸ ਥੋੜ੍ਹੀ ਗਿਣਤੀ ਵਾਲੀ ਕੌਮ ਨੇ ਕੀਤਾ, ਉਹ ਆਪਣੀ ਮਿਸਾਲ ਆਪ ਹੈ, ਪਰ ਭਾਰਤ ਦੀ ਰੀੜ੍ਹ ਦੀ ਹੱਡੀ ਤੇ ਖੜਗ ਭੁਜਾ ਸਿੱਖ, ਅੱਜ ਭਾਰਤ ਵਿੱਚ ਹੀ ਦੂਜੇ ਦਰਜੇ ਦਾ ਸ਼ਹਿਰੀ ਬਣ ਕੇ ਰਹਿ ਗਿਆ ਹੈ। ਅੱਜ ਪੰਥ ਦੀ ਆਜ਼ਾਦ ਹਸਤੀ, ਸਿੱਖੀ ਸਰੂਪ ਦੀ ਸੁਰੱਖਿਆ, ਦਾੜ੍ਹੇ ਕੇਸਾਂ ਦੀ ਹੋਂਦ ਸਿੱਖ ਸਿਧਾਤਾਂ, ਸਿੱਖ ਸਭਿਆਚਾਰ ਤੇ ਸਿੱਖ ਰਹੁ-ਰੀਤੀਆਂ ਦੀ ਕਾਇਮੀ ਖਤਰੇ ਤੋਂ ਖਾਲੀ ਨਹੀਂ। ਸਿਮਰਨ, ਨਿਸ਼ਕਾਮ ਸੇਵਾ ਤੇ ਪੰਥਕ ਦਰਦ ਵਾਲੀਆਂ ਹਸਤੀਆਂ ਦਿਨੋ ਦਿਨ ਅਲੋਪ ਹੋ ਰਹੀਆਂ ਹਨ ਅਤੇ ਉਨ੍ਹਾਂ ਦੀ ਥਾਂ ਸ਼ਰਧਾਹੀਨ, ਖੁਦਗਰਜ਼, ਭ੍ਰਿਸ਼ਟਾਚਾਰੀ ਤੇ ਹਉਮੈ-ਵੇੜੇ ਆਗੂ ਲੈ ਰਹੇ ਹਨ। ਤਾਂ ਕੀ ਫੇਰ ਗੁਰੂ ਕਲਗੀਧਰ ਜੀ ਦਾ ਸਾਜਿਆ ਨਿਵਾਜਿਆ ਲਾਡਲਾ ਖਾਲਸਾ ਆਪਸੀ ਫੁੱਟ ਦਾ ਸ਼ਿਕਾਰ ਅਤੇ ਸਿਧਾਂਤਹੀਨ ਹੋ ਕੇ ਅਤੇ ਆਪਣਾ ਨਿਆਰਾ ਪਨ ਤਿਆਗ ਕੇ ਆਪਣੀ ਹੋਂਦ ਨੂੰ ਗਵਾ ਬੈਠੇਗਾ ? ਇਹ ਸੁਆਲ ਹਰੇਕ ਪੰਥ-ਦਰਦੀ ਦੀ ਵਿਚਾਰ ਦਾ ਵਿਸ਼ਾ ਬਣ ਰਿਹਾ ਹੈ। ਇਸ ਦਾ ਉੱਤਰ ਹੈ, 'ਨਹੀਂ, ਹਰ ਗਿਜ਼ ਨਹੀਂ। ਜਦ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਇਤਿਹਾਸ ਤੇ ਸਿੱਖੀ ਜੀਵਨ ਵਾਲੇ ਪੰਜ ਸਿੰਘ ਕਾਇਮ ਹਨ ਤਦ ਤਕ ਖਾਲਸੇ ਦੀ ਹੋਂਦ



www.AKJ.Org

ਨੂੰ ਕੋਈ ਖਤਰਾ ਨਹੀਂ, ਪਰ ਪੰਥ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਤੇ 'ਖਾਲਸਾ ਜੀ ਕੇ ਬੋਲ ਬਾਲੇ' ਹੁੰਦੇ ਵੇਖਣ ਲਈ ਕੌਮ ਨੂੰ ਸਵੈ-ਪੜਚੋਲ ਤੋਂ ਪਿਛੋਂ ਭਰਪੂਰ ਉਦਮ ਕਰਨਾ ਤੇ ਜ਼ੋਰਦਾਰ ਘਾਲਣਾ ਘਾਲਣੀ ਪਵੇਗੀ। ਇਸ ਭਾਵ ਦੀ ਪੂਰਤੀ ਲਈ ਹੇਠ ਲਿਖੇ ਸੁਝਾਉ ਪੰਥਹਿਤੈਸ਼ੀਆਂ ਦੀ ਵਿਚਾਰ ਲਈ ਪੇਸ਼ ਹਨ :-

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਮ ਇਸ਼ਟ ਮੰਨ ਕੇ ਆਪਣੇ ਆਪ ਨੂੰ ਇਸ ਦੇ ਸਮਰਪਨ ਕੀਤਾ ਜਾਵੇ ਅਤੇ ਬਾਣੀ ਤੋਂ ਪਰਾਪਤ ਹੋਏ ਗਿਆਨ ਦੀ ਰੌਸ਼ਨੀ ਵਿਚ ਜੀਵਨ ਜੀਉਣ ਦਾ ਦ੍ਰਿੜ੍ਹ ਪ੍ਰਣ ਕੀਤਾ ਜਾਵੇ।

2. ਬਾਣੀ ਦੇ ਮੰਤਰਾਂ ਵਾਂਗ ਰਟਣ, ਭੇਟਾ ਦੇ ਕੇ ਅਖੰਡ ਪਾਠ ਤੇ ਪੂਜਾ ਕਰਵਾਉਣ, ਜਾਤ-ਪਾਤ ਵਰਨ ਤੇ ਨਵੀਆਂ ਤੋਂ ਨਵੀਆਂ ਪਰਚਲਤ ਹੋ ਰਹੀਆਂ ਕਰਮ ਕਾਂਡੀ ਤੇ ਫੋਕਟ ਰੀਤਾਂ ਦਾ ਤਿਆਗ ਕੀਤਾ ਜਾਵੇ।

3. ਧੜੇ-ਬੰਦੀਆਂ ਤੋਂ ਰਹਿਤ ਹੋ ਕੇ ਕੇਵਲ ਅਕਾਲ ਪੁਰਖ ਦੇ ਧੜੇ ਵਿੱਚ ਹੀ ਰਿਹਾ ਜਾਵੇ। ਮਾਨਸ ਪੂਜਾ ਦੀ ਥਾਂ ਸ਼ਬਦ ਗੁਰੂ ਦੀ ਪੂਜਾ ਕੀਤੀ ਜਾਵੇ।

4. ਪੂਜ੍ਹਾ ਦੇ ਧਾਨ, ਪਰਾਏ ਹੱਕ ਤੇ ਅਯੋਗ ਤਰੀਕਿਆਂ ਨਾਲ ਮਾਇਆ ਪ੍ਰਾਪਤ ਕਰਨ ਨੂੰ "ਬਿਖੁ ਸਮਾਨ" ਸਮਝ ਕੇ ਤ੍ਰਿਸਕਾਰਿਆ ਜਾਵੇ।

5. ਮਨੁੱਖਾ ਜਨਮ ਦਾ ਜੀਵਨ ਮਨੋਰਥ ਕੇਵਲ ਪਰਮਾਤਮਾ ਨਾਲ ਮਿਲਾਪ ਹੀ ਨਿਸਚਿਤ ਕੀਤਾ ਜਾਵੇ ਅਤੇ ਇਸਦੀ ਪ੍ਰਾਪਤੀ ਲਈ ਗੁਰੂ-ਗਿਆਨ, ਨਾਮ ਸਿਮਰਨ, ਕੀਰਤਨ, ਸਤਿਸੰਗ, ਸ਼ੁਭ ਕਰਮ, ਨਿਸ਼ਕਾਮ ਸੇਵਾ ਤੇ ਸਰਬੱਤ ਦੇ ਭਲੇ ਦੀ ਜਾਚਨਾ ਕੀਤੀ ਜਾਵੇ।

6. ਪੰਥ ਦੇ ਕਰੋੜਾਂ ਰੁਪਏ ਦਿਖਾਵੇ ਦੇ ਗੁਰਪੁਰਬਾਂ ਤੇ ਅੱਖੰਡ ਪਾਠਾਂ ਉਤੇ ਖਰਚ ਹੁੰਦੇ ਹਨ ਪਰ ਧਾਰਮਿਕ ਜੀਵਨ ਪਹਿਲਾਂ ਨਾਲੋਂ ਘਟ ਰਿਹਾ ਹੈ। ਲੋੜ ਹੈ ਕਿ ਹਰੇਕ ਪ੍ਰਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਿੱਧਾ ਸੰਬੰਧ ਕਾਇਮ ਕਰੇ। ਆਪ ਪ੍ਰੇਮ ਨਾਲ ਵਿਚਾਰ ਕੇ ਪਾਠ ਅਤੇ ਜੋ ਉਪਦੇਸ਼ ਗੁਰਬਾਣੀ ਤੋਂ ਮਿਲਣ ਉਨਾਂ ਨੂੰ ਮਨ ਚਿੱਤ ਨਾਲ ਅੰਦਰ ਧਾਰ ਕੇ ਨਾਮ ਜਾਪ ਦੀ ਕਮਾਈ ਵਿਚ ਨਿਮਗਨ ਰਹੇ।

7. ਗੁਰਦੁਆਰਾ ਐਕਟ ਵਿਚ ਸੋਧ ਕਰ ਕੇ ਚੋਣ ਦਾ ਅਜਿਹਾ ਤਰੀਕਾ ਅਪਣਾਇਆ ਜਾਵੇ ਜਿਸ ਕਰਕੇ ਕੇਵਲ ਅੰਮ੍ਰਿਤਧਾਰੀ, ਨਾਮ ਬਾਣੀ ਦੇ ਰਸੀਏ, ਸੁੱਚਾ ਤੇ ਪਵਿੱਤਰ ਜੀਵਨ ਬਤੀਤ ਮਰਨੇ ਵਾਲੇ ਗੁਰਮੁਖ ਹੀ ਮੈਂਬਰ ਬਣ ਸਕਣ। ਪੰਥ ਵਿਚੋਂ ਨਾਮ ਦੀ ਕਮਾਈ ਵਾਲੇ ਪੰਜ ਸਿੰਘਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰੇ ਨੀਯਤ ਕੀਤਾ ਜਾਵੇ। ਧਰਮ ਪ੍ਰਚਾਰ ਸਾਰਾ ਇਨ੍ਹਾਂ ਪਿਆਰਿਆਂ ਦੇ ਹਵਾਲੇ ਕੀਤਾ ਜਾਵੇ। ਇਨ੍ਹਾਂ ਨੂੰ ਖਾਲਸੇ ਦੀ ਸੁਪਰੀਮ ਕੋਰਟ ਦਾ ਦਰਜਾ ਦਿਤਾ ਜਾਵੇ।

8. ਗੁਰੂ ਨਾਨਕ ਦੇਵ ਜੀ ਦੇ ਦਰ ਤੇ ਕਰਨੀ ਵਿਹੂਣੇ ਪੁਰਸ਼ ਉਸੇ ਤਰ੍ਹਾਂ ਸਿਖ ਨਹੀਂ ਹਨ ਜਿਸ ਤਰ੍ਹਾਂ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਲਾਉਣ ਸਮੇਂ ਹਿੰਦੂ ਹਿੰਦੂ ਨਹੀਂ ਸਨ ਤੇ ਨਾ ਮੁਸਲਮਾਨ ਹੀ ਮੁਸਲਮਾਨ ਸਨ।

9. ਸਿੱਖ, ਕਿਰਤ ਕਰਦਾ ਹੋਇਆ ਕੀਰਤੀ ਨਾ ਛਡੇ। ਨਿਰਭਉ ਤੇ ਨਿਰਵੈਰ ਜੀਵਨ ਬਤੀਤ ਕਰੇ। ਅਕ੍ਰਿਤਘਣ ਨਾ ਬਣੇ। ਅੰਮ੍ਰਿਤ ਵੇਲੇ ਉਦਮ ਨਾਲ ਉੱਠੇ, ਇਸ਼ਨਾਨ ਉਪਰੰਤ ਨਾਪ ਜਪੇ,ਗੁਰਬਾਣੀ ਗਾਵੇ ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੇ

10. ਕਥਨੀ ਨਾਲੋਂ ਕਰਨੀ ਨੂੰ ਉੱਚਾ ਸਮਝ ਕੇ ਭਾਣੇ ਤੇ ਰਜ਼ਾ ਵਿਚ ਜਾਂਲਿਆਂ, ਗੁਰੂ ਦੀ ਬਖਸ਼ਸ਼ ਦੇ ਪਾਤਰ ਬਣ ਜਾਈਏ।

• • • • • • • • • • • • •

ਹੌਮੈ ਨੂੰ ਪੱਠੇ ਸਭ ਪਾਉਂਦੇ। ਬਣਕੇ ਸਾਧੂ ਸੰਤ ਦਿਖਾਉਂਦੇ।
ਉਹੀ ਬੰਦੇ ਗੁਰਸਿੱਖ 'ਤੇਗ', ਜਿਹੜੇ ਮਨ ਚੋਂ ਖੁਦੀ ਮਿਟਾਉਂਦੇ।
(ਤੇਗ ਬਹਾਦਰ ਸਿੰਘ ਤੇਗ)



www.AKJ.Org

# ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਹੀ ਗੁਰੂ ਨਾਲ ਰਿਸ਼ਤਾ ਜੋੜਨਾ ਹੈ

(ਭਾਈ ਸੇਵਾ ਸਿੰਘ ਜੀ ਰਾਮ ਪੁਰ ਖੇੜਾ)

ਛੇ ਕੁ ਮਹੀਨੇ ਦਾ ਸਮਾਂ ਬਤੀਤ ਹੋ ਗਿਆ ਐਕਸੀਅਨ (XEN) ਅਨਾਰ ਸਿੰਘ ਨੇ ਨਿੱਤ ਨੇਮ ਦੀ ਪ੍ਰਪੱਕਤਾ ਕਰ ਲਈ। ਏਨੇ ਸਮੇਂ ਵਿੱਚ ਆਪ ਨੇ ਭਾਈ ਵੀਰ ਸਿੰਘ ਹੋਰਾਂ ਦੀਆਂ ਕੁਝ ਪੁਸਤਕਾਂ ਤੇ ਹੋਰ ਧਾਰਮਿਕ ਸਾਹਿਤ ਵੀ ਪੜ੍ਹ ਲਿਆ। ਜਦੋਂ ਕੋਈ ਸ਼ੰਕਾ ਬਣਦਾ ਬਿਨਾਂ ਕਿਸੇ ਹੋਰ ਨੂੰ ਦੱਸੇ ਆਪ ਬਾਬਾ ਹਰਨਾਮ ਸਿੰਘ ਜੀ ਪਾਸ ਰਾਮਪੁਰ ਖੇੜੇ ਆ ਜਾਇਆ ਕਰਨ ਤੇ ਇਕੱਲੇ ਜੁਦਾ ਸਮਾਂ ਲੈ ਕੇ ਘੰਟਾ ਕੁ ਠਹਿਰ ਕੇ ਸ਼ੰਕੇ ਦੀ ਨਵਿਰਤੀ ਕਰਕੇ ਵਾਪਸ ਚਲੇ ਜਾਇਆ ਕਰਨ। ਆਪ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ "ਤੁਸੀਂ ਮੇਰੇ ਲਈ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰੋ ਕਿ ਮੈਨੂੰ ਵੀ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਣ।" ਬਾਬਾ ਜੀ ਸ੍ਰ: ਅਨਾਰ ਸਿੰਘ ਦੀ ਇਹ ਬੇਨਤੀ ਸੁਣ ਕੇ ਬੜੀ ਗੰਭੀਰਤਾ ਨਾਲ ਕਹਿਣ ਲੱਗੇ," ਸ੍ਰ: ਅਨਾਰ ਸਿੰਘ ਅਸੀਂ ਤੁਹਾਡੀ ਬੇਨਤੀ ਜ਼ਰੂਰ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਕਰਾਂਗੇ। ਆਪ ਪਹਿਲਾਂ ਸਾਨੂੰ ਇਹ ਦੱਸੋ ਕਿ ਤੁਹਾਡਾ ਗੁਰੂ ਨਾਲ ਕੀ ਨਾਤਾ ਹੈ ? ਜਦੋਂ ਮੈਂ ਤੁਹਾਡੇ ਲਈ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖਲੋ ਕੇ ਅਰਦਾਸ ਕਰਾਂਗਾ ਤਾਂ ਤੁਹਾਡੇ ਵੱਲੋਂ ਕੀ ਸ਼ਬਦ ਵਰਤਾਂਗਾ ? ਕਿ ਸਤਿਗੁਰੂ ਜੀ, ਤੁਹਾਡੇ ਸੇਵਕ ਦੀ ਅਰਦਾਸ ਹੈ ਜਾਂ ਸਿੱਖ ਦੀ ਅਰਦਾਸ ਹੈ। ਕਿਉਂਕਿ ਸੇਵਕ ਅਜੇ ਤੁਸੀਂ ਬਣੇ ਨਹੀਂ। ਸੇਵਕ ਦੀ ਨਿਸ਼ਾਨੀ ਚੌਥੇ ਪਾਤਿਸ਼ਾਹ ਗੁਰਬਾਣੀ ਵਿੱਚ ਦੱਸਦੇ ਹਨ ਕਿ ਸੇਵਕ ਉਹ ਹੈ, ਜਿਸ ਨੇ ਤਨ ਮਨ ਗੁਰੂ ਨੂੰ ਅਰਪਨ ਕਰ ਦਿੱਤਾ ਹੈ ਤੇ ਸਭ ਕੁਝ ਗੁਰੂ ਦਾ ਜਾਣ ਕੇ ਗੁਰੂ ਦੀ ਦੱਸੀ ਕਾਰ ਕਰਦਾ ਹੈ।

ਸੇਵਕੋ ਗੁਰ ਸੇਵਾ ਲਾਗੇ
ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ।।

(ਆਸਾ ਮ: ੪, ਪੰਨਾ ੪੪੪)

ਤਥਾ ਸੁ ਸੇਵਕੁ ਹਰਿ ਆਖੀਐ.
ਜੋ ਹਰਿ ਰਾਖੈ ਉਰਿ ਧਾਰਿ।।
ਮਨੁ ਤਨੁ ਸਉਪਿਆ ਆਗੈ ਧਰ
ਹਉਮੈ ਵਿਚਹੁ ਮਾਰਿ।।(ਸਿਰੀ ਰਾਗ ਮ: ੩, ਪੰਨਾ ੨੮)

ਸੇਵਕ ਬਣਨ ਲਈ ਤਾਂ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ।।(ਅਨੰਦ ਸਾਹਿਬ, ਪੰਨਾ ੯੧੮)

ਦਾ ਧਾਰਨੀ ਬਣਨਾ ਪੈਂਦਾ ਹੈ। ਜੋ ਐਸੀ ਕਾਰ ਕਰਨ ਨੂੰ ਤਿਆਰ ਹੋ ਜਾਂਦਾ ਹੈ, ਉਹ ਸਾਹਿਬ ਦੇ ਦਰ ਵਿੱਚ ਪਰਵਾਨ ਚੜ੍ਹ ਜਾਂਦਾ ਹੈ।

ਐਸੀ ਸੇਵਕੁ ਸੇਵਾ ਕਰੈ।।
ਜਿਸੁ ਕਾ ਜੀਉ ਤਿਸੁ ਆਗੈ ਧਰੈ।।
ਸਾਹਿਬ ਭਾਵੈ ਸੋ ਪਰਵਾਣੁ।।
ਸੋ ਸੇਵਕੁ ਦਰਗਹਿ ਪਾਵੈ ਮਾਣੁ।।੩।।

(ਧਨਾਸਰੀ ਮਹਲਾ ੧, ਪੰਨਾ ੬੬੧)

ਅਤੇ ਸਿੱਖ ਉਹ ਹੈ, ਜੋ ਗੁਰੂ ਦੇ ਹੁਕਮ ਵਿੱਚ ਚਲਣ ਨੂੰ ਤਿਆਰ ਹੋਵੇ ਤੇ ਗੁਰੂ ਦੇ ਹੁਕਮ ਵਿੱਚ ਚਲ ਪਵੇ। ਉਹ ਸਿੱਖ ਗੁਰੂ ਦਾ ਮਿੱਤਰ, ਅਤੇ ਗੁਰੂ ਦਾ ਰਿਸ਼ਤੇਦਾਰ ਹੈ। ਗੁਰੂ ਉਸ ਦੀ ਅਰਦਾਸ ਵੀ ਸੁਣਦਾ ਹੈ ਤੇ ਸਾਰ ਵੀ ਲੈਂਦਾ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ।।

(ਸੋਰਠਿ ਮ: ੩, ਪੰਨਾ ੬੦੧)

ਚੌਥੇ ਪਾਤਸ਼ਾਹ ਸਿੱਖ ਦੇ ਨਿੱਤ ਜੀਵਨ ਦੀ ਕਿਰਿਆ ਦਾ ਵਰਨਣ ਇਸ ਪ੍ਰਕਾਰ ਕਰਦੇ ਹਨ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੇ ਭਲਕੇ ਪ੍ਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।੨।।

(ਮ: ੪, ਪੰਨਾ ੩੦੫)

ਸਰਦਾਰ ਅਨਾਰ ਸਿੰਘ ਜੀ ਤੁਸੀਂ ਆਪ ਹੀ ਦਸੋ ਕਿ ਮੈਂ ਗੁਰੂ ਪਾਤਿਸ਼ਾਹ ਜੀ ਅਗੇ ਖਲੋ ਕੇ ਆਪ ਜੀ ਲਈ ਕਿਹੜੇ ਰਿਸ਼ਤੇ ਦੀ ਵਰਤੋਂ ਕਰ ਕੇ ਤੁਹਾਡੇ ਲਈ ਗੁਰੂ ਦਰੋਂ



www.AKJ.Org

ਅਰਦਾਸ ਰਾਹੀ ਦਰਸ਼ਨਾਂ ਲਈ ਬੇਨਤੀ ਕਰਾਂ। ਕਿਉਂਕਿ ਤੁਸੀਂ ਅਜੇ ਸੇਵਕ ਤੇ ਸਿਖ ਦਾ ਰਿਸ਼ਤਾ ਗੁਰੂ ਨਾਲ ਜੋੜਿਆ ਨਹੀਂ ਹੈ।

ਸਰਦਾਰ ਜੀ ਸਿਆਣੇ ਸਨ, ਰਮਜ਼ ਨੂੰ ਸਮਝ ਗਏ ਤੇ ਬੇਨਤੀ ਕੀਤੀ ਕਿ ਬਾਬਾ ਜੀ, ਇਸ ਕਮੀਂ ਨੂੰ ਪੂਰਾ ਕਰਨ ਲਈ ਥੋੜ੍ਹਾ ਜਿਹਾ ਸਮਾਂ ਮੈਨੂੰ ਦਿਉ ਤਾਂ ਜੋ ਮੈਂ ਗੁਰੂ ਨਾਲ ਆਪਣਾ ਪੱਕਾ ਨਾਤਾ ਬਣਾ ਲਵਾਂ। ਹੁਣ ਹਰ ਵੇਲੇ ਗੁਰੂ ਨਾਲ ਰਿਸ਼ਤਾ ਗੰਢਣ ਲਈ ਮਨ ਵਿੱਚ ਧੁਖਧੁਖੀ ਲਗੀ ਰਹੇ, ਕਿ ਉਹ ਸੁਭਾਗਾ ਸਮਾਂ ਕਦੋਂ ਪ੍ਰਾਪਤ ਹੋਵੇ ਜਦੋਂ ਮੈਂ ਇਹ ਕਹਿ ਸਕਾਂ ਕਿ ਮੈਂ ਹੁਣ ਗੁਰੂ ਦਾ ਹਾਂ ਗੁਰੂ ਹੁਣ ਮੇਰਾ ਹੈ।

ਉਧਰ ਵੈਸਾਖੀ ਦੇ ਪੁਰਬ ਤੇ ਅੰਮ੍ਰਿਤ ਛਕਾਉਣ ਦਾ ਦਿਨ ਨੀਯਤ ਹੋ ਗਿਆ। ਸ: ਅਨਾਰ ਸਿੰਘ ਜੀ ਭਗਤ ਜੀ (ਭਾਈ ਦਰਸ਼ਨ ਸਿੰਘ) ਪਾਸ ਆਏ ਤੇ ਕਹਿਣ ਲਗੇ ਭਗਤ ਜੀ ! ਮੇਰੇ ਲਈ ਕਕਾਰਾਂ ਦਾ ਪ੍ਰਬੰਧ ਕਰੋ, ਮੈਂ ਵੀ ਹੁਣ ਆਪਣਾ ਰਿਸ਼ਤਾ ਗੁਰੂ ਨਾਲ ਜੋੜਨਾ ਚਾਹੁੰਦਾ ਹਾਂ। ਭਗਤ ਜੀ ਬੜੇ ਹੈਰਾਨ ਸਨ, ਭਗਤ ਜੀ ਨੇ ਘਰ ਵਿਚ ਜੋ ਚੰਗੀ ਸੁਹਣੀ ਸ੍ਰੀ ਸਾਹਿਬ ਪਈ ਸੀ, ਗਾਤਰੇ ਸਮੇਤ ਬੜੇ ਚਾਈਂ ਚਾਈਂ ਸ: ਅਨਾਰ ਸਿੰਘ ਜੀ ਦੇ ਹਵਾਲੇ ਕਰ ਦਿੱਤੀ ਤੇ ਬੜੀ ਖੁਸ਼ੀ ਪ੍ਰਗਟਾਈ। ਅਗਲੇ ਦਿਨ ਰਹਿੰਦੇ ਕਕਾਰ (ਪੂਰੇ) ਲਿਆ ਦਿਤੇ। ਵੈਸਾਖੀ ਵਾਲੇ ਦਿਨ ਸ: ਅਨਾਰ ਸਿੰਘ ਜੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ ਤੇ ਗੁਰੂ ਨਾਲ ਆਪਣਾ ਰਿਸ਼ਤਾ ਗੰਢ ਲਿਆ।

ਦੋ ਕੁ ਮਹੀਨੇ ਬਾਅਦ ਬਾਬਾ ਜੀ ਮੁੜ ਤਲਵਾੜੇ ਸਮਾਗਮ ਤੇ ਗਏ। ਪਤਾ ਲਗਣ ਤੇ ਸ: ਅਨਾਰ ਸਿੰਘ ਜੀ ਆਪ ਜੀ ਦੀ ਸੰਗਤ ਕਰਨ ਵਾਸਤੇ ਭਗਤ ਜੀ ਦੇ ਘਰ ਪੁਜੇ। ਇਕਾਂਤ ਦਾ ਸਮਾਂ ਵੇਖ ਕੇ ਸ: ਅਨਾਰ ਸਿੰਘ ਜੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਆਪ ਜੀ ਦੇ ਕਹਿਣ ਅਨੁਸਾਰ ਮੈਂ ਹੁਣ ਅੰਮ੍ਰਿਤ ਛਕ ਕੇ ਗੁਰੂ- ਨਾਲ ਆਪਣਾ ਨਾਤਾ ਗੰਢ ਲਿਆ ਹੈ। ਤੁਸੀਂ ਹੁਣ ਗੁਰੂ ਚਰਨਾਂ ਵਿਚ ਮੇਰੀ ਵਲੋਂ ਅਰਦਾਸ ਕਰ ਕੇ ਸਤਿਗੁਰੂ ਜੀ ਨੂੰ ਪੁਛੋ ਕਿ ਮੇਰੀ ਉਮਰ ਹੋਰ ਕਿੰਨੀ ਬਕਾਇਆ ਰਹਿੰਦੀ ਹੈ ?

ਬਾਬਾ ਜੀ ਸ: ਅਨਾਰ ਸਿੰਘ ਦੀ ਬੇਨਤੀ ਸੁਣ ਕੇ ਕਹਿਣ ਲੱਗੇ, ਸਰਦਾਰ ਜੀ ! ਤੁਸੀਂ ਸ਼ਾਮ ਨੂੰ ਆਉਣਾ, ਅਸੀਂ ਆਪ ਜੀ ਦੀ ਬੇਨਤੀ ਗੁਰੂ ਚਰਨਾਂ ਵਿਚ ਕਰਾਂਗੇ, ਜੋ ਸਤਿਗੁਰੂ ਜੀ ਨੇ ਹੁਕਮ ਕੀਤਾ ਆਪ ਜੀ ਨੂੰ ਦੱਸ ਦੇਵਾਂਗੇ। ਥੋੜ੍ਹਾ ਸਮਾਂ ਹੋਰ ਠਹਿਰ ਕੇ ਜਲ-ਪਾਣੀ ਛਕ ਬੜੀ ਖੁਸ਼ੀ ਖੁਸ਼ੀ ਸ: ਅਨਾਰ ਸਿੰਘ ਆਪਣੇ ਘਰ ਨੂੰ ਚਲੇ ਗਏ।

ਆਪ ਸ਼ਾਮ ਨੂੰ ਸੋਦਰ ਦੇ ਪਾਠ ਸਮੇਂ ਮੁੜ ਬਾਬਾ ਜੀ ਪਾਸ ਆ ਹਾਜ਼ਰ ਹੋਏ। ਸੋਦਰ ਦੇ ਪਾਠ ਦੀ ਸਮਾਪਤੀ ਤੋਂ ਪਿਛੋਂ ਬਾਬਾ ਜੀ ਨੇ ਸ: ਅਨਾਰ ਸਿੰਘ ਜੀ ਨੂੰ ਇਕੱਲੇ ਕਰ ਕੇ ਕਿਹਾ ਕਿ ਸਤਿਗੁਰੂ ਜੀ ਨੇ ਤੁਹਾਡੀ ਬੇਨਤੀ ਦੇ ਉੱਤਰ ਵਿਚ ਕਿਹਾ ਹੈ, ਕਿ ਅਨਾਰ ਸਿੰਘ ਨੂੰ ਕਹਿ ਦੇਵੋ ਕਿ

**ਭਾਈ ਰੇ ਇਉ ਸਿਰਿ ਜਾਣਹੁ ਕਾਲੁ।।**
**ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।।੧।।ਰਹਾਉ।।**
(ਸਿਰੀ ਰਾਗੁ ਮ: ੧, ਪੰਨਾ ੫੫)

ਪੁਛਕੇ ਕੀ ਲੈਣਾ ਹੈ ? ਮੌਤ ਤਾਂ
**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ।।**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ।।੧।।**
(ਧਨਾਸਰੀ ਕਬੀਰ ਜੀ, ਪੰਨਾ ੬੯੨)

ਅਨਾਰ ਸਿੰਘ, ਮੌਤ ਤਾਂ ਸਿਰ ਤੇ ਖਲੋਤੀ ਹੱਸ ਰਹੀ ਹੈ ਮਨੁੱਖ ਇਸ ਵਲੋਂ ਗਾਫਲ ਹੋ ਰਿਹਾ ਹੈ।

**ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ।।**
**ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ।।**
(ਬਿਲਾਵਲੁ ਮ: ੫, ਪੰਨਾ ੮੦੯)

ਜੇ ਫਿਰ ਵੀ ਪੁਛਣ ਦੀ ਲਾਲਸਾ ਹੈ, ਤਾਂ ਤੁਹਾਡੇ ਰਾਹੀਂ ਪੁਛਣ ਦੀ ਥਾਂ ਸਾਨੂੰ ਸਿੱਧਾ ਪੁਛ ਲਵੇ, ਅਸੀਂ ਉਸ ਨੂੰ ਦੱਸ ਦੇਵਾਂਗੇ। ਇਹ ਉੱਤਰ ਸੁਣ ਕੇ ਸ: ਅਨਾਰ ਸਿੰਘ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਮੈਨੂੰ ਤਾਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਨਹੀਂ ਹੁੰਦੇ, ਮੈਂ ਕਿਵੇਂ ਪੁਛਾਂ ? ਬਾਬਾ ਜੀ ਨੇ ਉੱਤਰ ਦਿੱਤਾ ਕਿ ਉਹ ਅੱਖਾਂ ਪ੍ਰਗਟ ਕਰੋ ਜਿਹਨਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ। ਉਹ ਅੱਖਾਂ ਹੋਰ ਹਨ ਜਿਨ੍ਹਾਂ ਪ੍ਰਤੀ ਗੁਰਬਾਣੀ ਵਿੱਚ ਅੰਕਿਤ ਹੈ।

**ਨਾਨਕ ਸੇ ਅਖੜੀਆਂ ਬਿਅੰਨਿ**
**ਜਿਨੀ ਡਿਸੰਦੋ ਮਾ ਪਿਰੀ।।੧।।** (ਪੰਨਾ ੫੭੭)

ਪਿਰੀ ਦੇ ਦਰਸ਼ਨ ਕਰਨ ਲਈ ਸਤਿਗੁਰੂ ਜੀ ਨੇ ਰਸਤਾ ਦਸਿਆ ਹੈ।

**ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ।।**
**ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ।।੨।।**
(ਮ: ੨, ਪੰਨਾ ੧੩੯)

ਜਿਸ ਮਾਰਗ ਦੇ ਤੁਸੀਂ ਪਾਂਧੀ ਬਣੇ ਹੋ ਇਸ ਮਾਰਗ ਤੇ ਚਲ ਕੇ ਨਿਰੇ ਦਰਸ਼ਨ ਹੀ ਨਹੀਂ ਹੋਣਗੇ ਸਤਿਗੁਰੂ ਜੀ ਤੁਹਾਡੇ ਸਾਰੇ ਸ਼ੰਕਿਆਂ ਦੇ ਉੱਤਰ ਵੀ ਦੇਣਗੇ। ਪੰਜਵੇਂ ਗੁਰਦੇਵ ਗੁੰਟੀ ਦਿੰਦੇ ਹਨ ਕਿ :

**ਭਗਤ ਸੰਗਿ ਪ੍ਰਭੁ ਗੋਸਟਿ ਕਰਤ।।**
**ਤਹ ਹਰਖ ਨ ਸੋਗ ਨ ਜਨਮ ਨ ਮਰਤ।।੩।।**
(ਰਾਮਕਲੀ ਮ: ੫, ਪੰਨਾ ੮੯੪)

(ਚਲਦਾ)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਠਨ ਪਾਠਨ

(ਭਾਈ ਜੋਗਿੰਦਰ ਸਿੰਘ ਤਲਵਾੜਾ)

ਪ੍ਰਭ ਬਾਣੀ ਸਬਦੁ ਸੁਭਾਖਿਆ।।
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ।। (ਪੰਨਾ ੬੧੧)

**ਬਾਣੀ ਗੁਰੂ** : ਸ੍ਰੀ ਗੁਰੂ ਗ੍ਰੰਥ ਸਾਹਿਬ ਬਾਣੀ ਦੇ ਪੁੰਜ ਹਨ। ਗੁਰਬਾਣੀ ਰੱਬੀ ਗਿਆਨ ਹੈ ਜੋ ਸਤਿਗੁਰਾਂ ਦੇ, ਪਰਮ-ਸਤਿ ਅਕਾਲ ਪੁਰਖ ਨਾਲ ਅੰਤਰ-ਆਤਮੇ ਅਭੇਦ ਹੋਣ ਨਾਲ, ਹਿਰਦੇ ਵਿਚ ਆਵੇਸ਼ ਹੋ ਕੇ ਸਤਿਗੁਰਾਂ ਦੀ ਪਾਵਨ ਰਸਨਾਂ ਦੁਆਰਾ ਉਚਾਰਨ ਹੋਇਆ ਅਤੇ ਸਤਿਗੁਰਾਂ ਦੇ ਕਰ-ਕਮਲਾਂ ਨਾਲ ਅੰਕਿਤ ਕੀਤਾ ਗਿਆ। ਸਤਿਗੁਰਾਂ ਨੇ ਹੋਕਾ ਦੇ ਕੇ ਆਖਿਆ ਕਿ ਇਹ ਰੱਬੀ ਗਿਆਨ, ਅਥਵਾ ਗੁਰਬਾਣੀ ਹੀ ਗੁਰੂ ਹੈ। ਸ਼ਰਧਾ ਤੇ ਪ੍ਰੇਮ ਨਾਲ ਇਕਾਗਰ-ਚਿਤ ਹੋਕੇ, ਗੁਰਬਾਣੀ ਦੇ ਪਠਨ-ਪਾਠਨ ਅਤੇ ਸੰਗਤੀ ਰੂਪ ਵਿਚ ਗਾਇਨ ਕਰਨ ਦੀ ਨਿਰਮਲ ਰੀਤਿ ਸਤਿਗੁਰਾਂ ਨੇ ਆਪ ਪ੍ਰਚਲਤ ਕੀਤੀ।

ਗੁਰਬਾਣੀ ਨੂੰ ਤਖਤ ਤੇ ਚੌਰ ਅਰਪਨ ਕਰਕੇ ਸਤਿਗੁਰਾਂ ਨੇ "ਬਾਣੀ ਗੁਰੂ" ਦੇ ਸਿਧਾਂਤ ਨੂੰ ਅਮਲੀ ਤੌਰ ਤੇ ਰੂਪਮਾਨ ਕੀਤਾ ਅਤੇ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਇਕ ਵਿਲੱਖਣ ਪੂਰਨਾ ਪਾਇਆ। ਬਾਣੀ ਦੇ ਪੁੰਜ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਟਿੱਕ ਦਿੱਤਾ ਗਿਆ। ਧਾਰਮਿਕ ਗ੍ਰੰਥ ਸੰਸਾਰ ਉਤੇ ਕਈ ਹਨ, ਪਰ "ਗੁਰੂ-ਗ੍ਰੰਥ" ਕੇਵਲ ਇਕ ਹੈ ਅਤੇ ਇਹ ਪਾਵਨ ਗ੍ਰੰਥ ਕਿਸੇ ਨਿਸ਼ਚਿਤ ਸਮੇਂ ਲਈ ਹੀ ਗੁਰੂ ਨਹੀਂ, ਸਗੋਂ ਜੁਗੋ ਜੁਗ ਅਟੱਲ "ਗੁਰੂ ਗ੍ਰੰਥ" ਹੈ।

ਧੀਰ ਮਲੀਆਂ, ਰਾਮ ਰਾਈਆਂ, ਮੀਣਿਆਂ, ਮਸੰਦਾਂ ਅਤੇ ਉਹਨਾਂ ਦੇ ਬਦਲਵੇਂ ਅਜੇਕੇ ਗਰਜ਼-ਗ੍ਰਸਤ ਟੋਲਿਆਂ ਨੂੰ ਛੱਡ ਕੇ, ਬਾਕੀ ਸਾਰਾ ਸਿੱਖ ਜਗਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਸਤਿਕਾਰਦਾ ਅਤੇ ਅਧਿਆਤਮਿਕ ਅਗਵਾਈ ਪ੍ਰਾਪਤ ਕਰਦਾ ਹੈ। ਬਾਗੀ ਟੋਲੇ ਵੀ ਗਿਆਨ ਅਤੇ ਅਗਵਾਈ ਤਾਂ ਏਥੋਂ ਹੀ ਪ੍ਰਾਪਤ ਕਰਦੇ ਹਨ ਪਰ ਉਸ ਦੀ ਵਰਤੋਂ ਨਿਜੀ ਖ਼ੁਦਗਰਜ਼ੀ ਲਈ ਕਰਦੇ ਹਨ। ਖ਼ੁਦਗਰਜ਼ੀ ਦੇ ਅਧਾਰ ਤੇ ਚਲਾਈਆਂ ਬੇਅੰਤ ਹੱਟੀਆਂ ਅੱਗੇ ਨੇਸਤੋ-ਨਾਬੂਦ ਹੋ ਗਈਆਂ ਹਨ ਤੇ ਬਾਕੀਆਂ ਦੇ ਹਸ਼ਰ ਬਾਰੇ ਵੀ ਕਿਸੇ ਜੋਤਸ਼ੀ ਕੋਲੋਂ ਪੁਛਣ ਦੀ ਲੋੜ ਨਹੀਂ।

**ਗੁਰਬਾਣੀ ਦਾ ਸ਼ੁੱਧ ਉਚਾਰਣ** :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ, ਬਚਨ ਅਤੇ ਕਰਮ ਕਰਕੇ ਪ੍ਰਗਟ ਗੁਰਾਂ ਕੀ ਦੇਹ ਮੰਨਣ ਅਤੇ ਸਤਿਕਾਰ ਕਰਨ ਦੇ ਅਮਲੀ ਰੂਪ ਵਿਚ ਪ੍ਰਤੱਖ ਪ੍ਰਤੀਕ ਇਹ ਹਨ :-

1) ਸ਼ਰਧਾ ਤੇ ਪ੍ਰੇਮ ਨਾਲ ਇਕਾਗਰ-ਚਿਤ ਹੋ ਕੇ ਵਿਚਾਰ ਸਹਿਤ ਗੁਰਬਾਣੀ ਦਾ ਪਠਨ ਪਾਠਨ ਕਰਨਾ ਤੇ ਕਰਾਉਣਾ।

2) ਗੁਰਬਾਣੀ ਦਾ ਸ਼ੁੱਧ ਉਚਾਰਨ ਆਪ ਕਰਨਾ ਤੇ ਹੋਰਨਾਂ ਵਿਚ ਪਰਚਾਰ ਕਰਨਾ।

3) ਗੁਰਬਾਣੀ ਨੂੰ ਹਿਰਦੇ ਵਿਚ ਵਸਾ ਕੇ ਇਸ ਅਨੁਸਾਰ ਜੀਵਨ ਬਤੀਤ ਕਰਨਾ ਤੇ ਏਸ ਤਰ੍ਹਾਂ ਹੋਰਨਾਂ ਨੂੰ ਨਿਰਮਲ ਪ੍ਰੇਰਨਾ ਦੇਣੀ।

ਇਕ ਆਦਰਸ਼ਕ ਸਿੱਖ ਲਈ ਇਹ ਸਾਰੀਆਂ ਖੂਬੀਆਂ ਜ਼ਰੂਰੀ ਹਨ। ਏਹਨਾਂ ਖੂਬੀਆਂ ਅਥਵਾ ਗੁਣਾਂ ਦੇ ਅਧਾਰ ਉੱਤੇ ਜੀਵਨ ਜੀਉਣ ਵਾਲਿਆਂ ਦੁਆਰਾ ਹੀ "**ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ**" ਵਾਲਾ ਵਰਤਾਰਾ ਸਦੀਵਕਾਲ ਰੂਪਮਾਨ ਹੁੰਦਾ ਰਹਿਣਾ ਹੈ।

ਸ਼ਰਧਾ ਅੰਦਰਲੀ ਚੀਜ਼ ਹੈ, ਤੇ ਗੁਰਬਾਣੀ ਦਾ ਸ਼ੁੱਧ ਉਚਾਰਨ ਇਸਦਾ ਬਾਹਰਮੁਖੀ ਪ੍ਰਗਟਾਅ ਹੈ। ਜਿਸ ਵਿਅਕਤੀ ਦੇ ਅੰਦਰ ਗੁਰਬਾਣੀ ਪ੍ਰਤੀ ਸ਼ਰਧਾ ਹੈ ਉਹ ਸਦਾ ਹੀ ਪ੍ਰਯਤਨ-ਸ਼ੀਲ ਰਹਿੰਦਾ ਹੈ ਕਿ ਉਸ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਦਾਤ ਪ੍ਰਾਪਤ ਹੋਵੇ। ਹਰੇਕ ਜਗਿਆਸੂ ਪਾਠ ਕਰਨ ਉਪਰੰਤ ਅਰਦਾਸ ਵਿੱਚ ਦੋ ਦਾਤਾਂ ਮੰਗਦਾ ਹੈ।

1) ਪੜ੍ਹੀ, ਸੁਣੀ ਬਾਣੀ ਹਿਰਦੇ ਵਿੱਚ ਵਸੇ ਅਤੇ ਏਸ ਤਰ੍ਹਾਂ ਜੀਵਨ ਦਾ ਆਧਾਰ ਬਣ ਜਾਏ।

2) ਪਾਠ ਕਰਨ ਵਿੱਚ ਹੋਈਆਂ ਭੁੱਲਾਂ ਦੀ ਮਾਫੀ ਮਿਲੇ ਅਤੇ ਗੁਰਬਾਣੀ ਦੇ ਸ਼ੁੱਧ ਪਾਠ ਦੀ ਦਾਤ ਮਿਲੇ।

ਸ਼ਰਧਾਲੂ ਜਗਿਆਸੂ ਤਾਂ ਏਵੇਂ ਹੀ ਕਰਦੇ ਹਨ, ਪਰ ਕਈ ਪਾਚਰਬਾਜ਼ ਆਖਦੇ ਸੁਣੀਦੇ ਹਨ, *"ਪਾਠ ਕਰਨ ਵਿੱਚ ਸ਼ਰਧਾ ਚਾਹੀਦੀ ਹੈ। ਸ਼ਰਧਾ ਨਾਲ ਕੀਤਾ ਪਾਠ ਸਦਾ ਹੀ ਸ਼ੁੱਧ ਹੁੰਦਾ ਹੈ। ਪੰਡਿਤਾਈਆਂ ਵਿੱਚ ਕੀ ਪਿਆ ਏ।"* ਪਰ ਇਤਿਹਾਸ ਸ਼ਾਹਦ ਹੈ ਕਿ ਗੁਰਬਾਣੀ ਦੇ ਅਸ਼ੁੱਧ ਉਚਾਰਨ ਕਰਨ ਵਜੋਂ ਗੁਰੂ ਜੀ ਪਾਸੋਂ ਦੰਡ ਵੀ ਮਿਲਦਾ ਰਿਹਾ ਹੈ। ਸੋ ਜਿਸ ਮਨੁੱਖ ਅੰਦਰ ਗੁਰਬਾਣੀ ਪ੍ਰਤੀ ਸਚੀ ਸ਼ਰਧਾ ਹੈ ਉਹ ਗੁਰਬਾਣੀ ਦੇ ਸ਼ੁੱਧ ਉਚਾਰਨ ਨੂੰ ਵੀ ਸ਼ਰਧਾ ਦਾ ਅਨਿੱਖੜਵਾਂ ਅੰਗ ਹੀ ਮੰਨੇਗਾ।

ਗੁਰਬਾਣੀ ਦਾ ਸ਼ੁੱਧ ਉਚਾਰਨ ਉਹੋ ਹੈ ਜੋ ਸ਼ਰਧਾ ਤੇ ਪ੍ਰੇਮ ਨਾਲ, ਰਸ ਭਿੰਨੀ ਸੁਰ ਤੇ ਲੈਅ ਵਿਚ ਧੀਰਜ ਅਤੇ ਠਰੰਮੇ ਨਾਲ ਇਕਾਗਰਚਿਤ ਹੋ ਕੇ ਅੱਖਰ, ਲਗ, ਕੰਨਾਂ ਦੇ



www.AKJ.Org

ਠੀਕ ਉਚਾਰਨ ਸਹਿਤ ਹੋਵੇ। ਜਿਸ ਨਾਲ ਕਰਨ ਅਤੇ ਸੁਣਨਹਾਰੇ ਦੋਹਾਂ ਨੂੰ ਅਨੰਦ ਅਤੇ ਹੁਲਾਰਾ ਆਵੇ। ਗੁਰਬਾਣੀ ਦੀਆਂ ਲੰਮੀਆਂ ਪੰਗਤੀਆਂ ਵਿਚ ਯੋਗ ਥਾਵੇਂ ਬਿਸਾਮ ਦੇ ਦੇ ਕੇ ਵਿਚਾਰ ਸਹਿਤ ਇਸ ਤਰ੍ਹਾਂ ਅਲਾਪਿਆ ਜਾਵੇ ਕਿ ਅਰਥ ਆਪਣੇ ਆਪ ਉਘੜਦੇ ਜਾਣ।

"ਗੁਰਬਾਣੀ ਦੇ ਸ਼ੁੱਧ ਉਚਾਰਨ" ਦਾ ਮਸਲਾ ਬੜਾ ਮਹੱਤਵਪੂਰਣ ਮਸਲਾ ਹੈ, ਜੋ ਪੰਥਕ ਤੌਰ ਤੇ ਅੱਜ ਤੱਕ ਅਣਗੌਲਿਆ ਹੀ ਛੱਡਿਆ ਰਿਹਾ ਹੈ। ਉਸਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਪਿਛਲੀ ਪੀੜ੍ਹੀ ਦੇ ਗੁਰਸਿੱਖਾਂ ਨੂੰ ਗੁਰਬਾਣੀ ਨਾਲ ਪਿਆਰ ਵਿਰਸੇ ਵਿਚ ਮਿਲਿਆ ਹੋਣ ਕਾਰਨ, ਉਹਨਾਂ ਵਿੱਚ ਪਾਠ ਸਿੱਖਣ ਤੇ ਕਰਨ ਦਾ ਅਥਾਹ ਚਾਅ ਸੀ। ਇਸ ਦੇ ਨਾਲ ਨਾਲ ਪਾਠ-ਸਿਖਲਾਈ ਦੇ ਕੇਂਦਰ ਵੀ ਬਹੁਤ ਸਨ। ਗੁਰਬਾਣੀ ਨਾਲ ਓਤ-ਪੋਤੀ ਰਚੇ ਮਿਚੇ ਤੇ ਰਸ-ਗੁਧੇ ਗੁਰਸਿੱਖਾਂ ਦੇ ਜੀਵਨ ਆਪਣੇ ਆਪ ਵਿਚ ਗੁਰਬਾਣੀ ਦੇ ਸਿਖਲਾਈ ਕੇਂਦਰ ਸਨ। ਪੁਰਾਣੇ ਟਕਸਾਲੀ ਵਿਦਵਾਨ ਅਤੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਪਾਠ-ਸਿਖਲਾਈ ਦੀਆਂ ਸੇਵਾਵਾਂ ਸੰਭਾਲੀ ਬੈਠੇ ਸਨ। ਪਰ ਸਮੇਂ ਦੇ ਗੇੜ ਨਾਲ ਪਦਾਰਥਵਾਦ ਦਾ ਬੋਲ-ਬਾਲਾ ਹੋ ਜਾਣ ਕਾਰਨ ਸਿਖਲਾਈ ਕੇਂਦਰ ਵੀ ਘੱਟ ਗਏ ਹਨ ਅਤੇ ਸਿਖ ਜਨਤਾ ਵਿੱਚ ਪਾਠ ਸਿਖਣ ਦੀ ਲਗਨ ਤੇ ਵਿਹਲ ਦੀ ਵੀ ਅਣਹੋਂਦ ਵੇਖਣ ਵਿਚ ਆ ਰਹੀ ਹੈ। ਪਾਠ ਕਰਾਉਣ ਅਤੇ ਖਾਸ ਕਰਕੇ ਅਖੰਡ ਪਾਠ ਕਰਾਉਣ ਦਾ ਇਕ ਰਿਵਾਜ ਜਿਹਾ ਚਲ ਪਿਆ ਹੈ। ਪਾਠ ਸਮੇਂ ਹਾਜ਼ਰ ਹੋਏ ਬਗੈਰ ਤੇ ਪਾਠ ਨਿੱਜੀ ਤੌਰ ਤੇ ਸੁਣੇ ਬਗੈਰ, ਗੈਰ ਹਾਜ਼ਰੀ ਵਿਚ ਵੀ ਪਾਠ ਕਰਨ ਕਰਾਉਣ ਦੀ ਨਵੀਂ ਬਾਹਮਣੀ-ਰੀਤਿ ਚਲ ਪਈ ਹੈ। ਗੰਗੁਸ਼ਟ-ਪਾਠਾਂ ਦਾ ਰਿਵਾਜ ਚੱਲ ਪੈਣ ਨਾਲ ਪਤਾ ਹੀ ਨਹੀਂ ਲੱਗ ਸਕਦਾ ਕਿ ਕੋਈ ਸ਼ੁੱਧ ਪਾਠ ਕਰਦਾ ਹੈ ਕਿ ਅਸ਼ੁੱਧ। ਮਾਇਆਧਾਰੀ ਤਬਕੇ ਵਲੋਂ ਰਸਮੀ-ਅਖੰਡ ਪਾਠ ਕਰਵਾਉਣ ਦੀ ਮੰਗ ਏਨੀ ਵਧ ਗਈ ਹੈ ਕਿ ਟਕਸਾਲੀ ਪਾਠੀ ਏਨੀ ਮੰਗ ਲਈ ਪੂਰੇ ਨਹੀਂ। ਇਸ ਘਾਟੇ ਦੀ ਪੂਰਤੀ ਲਈ ਕਈ ਕੱਚ-ਘਰੜ ਤੇ ਸਵੈ-ਸਿਖਦੜ ਪਾਠੀ ਮੈਦਾਨ ਵਿਚ ਨਿੱਤਰ ਆਏ ਹਨ, ਜਿਸ ਕਾਰਨ ਪਾਠਾਂ ਦੇ ਉਚਾਰਨ ਸੰਬੰਧੀ ਕਈ ਗੱਧਲੇ ਪੈ ਗਏ ਹਨ ਤੇ ਮਤ-ਭੇਦ ਉਤਪੰਨ ਹੋ ਗਏ ਹਨ, ਜਿਨ੍ਹਾਂ ਨੂੰ ਪੰਥਕ ਤੌਰ ਤੇ ਨਿਤਾਰਨ ਅਤੇ ਨਿਰਣੈ ਕਰਨ ਦੀ ਲੋੜ ਪ੍ਰਤੀਤ ਹੋ ਰਹੀ ਹੈ।

ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਹੇਠ ਲਿਖੀਆਂ ਗੱਲਾਂ ਜ਼ਰੂਰੀ ਹਨ :-

1) ਗੁਰਬਾਣੀ ਦੇ ਸ਼ੁਧ ਉਚਾਰਨ ਦਾ ਅਧਾਰ ਗੁਰਬਾਣੀ ਦੀ ਸ਼ੁਧ ਛਪਾਈ ਹੈ। ਛਪਾਈ ਦਾ ਕੰਮ ਪੰਥਕ ਅਣਗਹਿਲੀ ਕਾਰਨ ਬਹੁਤ ਕਰਕੇ ਵਪਾਰੀ ਪ੍ਰਕਾਸ਼ਕਾਂ ਦੇ ਹੱਥ ਵਿਚ ਹੈ ਜਿਨ੍ਹਾਂ ਨੂੰ ਸ਼ੁਧ ਛਪਾਈ ਨਾਲੋਂ ਆਪਣੇ ਮੁਨਾਫੇ ਨਾਲ ਜ਼ਿਆਦਾ ਗਰਜ਼ ਹੈ।

2) ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਸਤਿਕਾਰ ਅਤੇ ਸ਼ੁਧ ਛਪਾਈ ਦੇ ਮਸਲੇ ਨੂੰ ਮੁਖ ਰਖ ਕੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੁਕਮਨਾਮਾ ਜਾਰੀ ਕਰਕੇ ਵਪਾਰੀ ਪ੍ਰਕਾਸ਼ਕਾਂ ਦੁਆਰਾ ਛਪਾਈ ਤੁਰੰਤ ਬੰਦ ਕਰਵਾਈ ਜਾਣੀ ਚਾਹੀਦੀ ਹੈ।

3) ਅਜਿਹੇ ਸ਼ਬਦ-ਜੋੜ ਜਿਨ੍ਹਾਂ ਬਾਰੇ ਵਿਦਵਾਨਾਂ ਦੇ ਆਪਸ ਵਿੱਚ ਪਰਸਪਰ ਵਿਚਾਰ-ਵਿਖੇਵੇਂ ਹਨ ਅਤੇ ਉਨ੍ਹਾਂ ਬਾਰੇ ਪੰਥਕ ਪੱਧਰ ਤੇ ਸਮੇਂ ਸਮੇਂ ਗੋਸ਼ਟੀਆਂ ਕਰਵਾ ਕੇ ਨਿਰਣੈ ਕੀਤੇ ਜਾਣੇ ਚਾਹੀਦੇ ਹਨ।

4) ਪੰਗਤੀਆਂ ਦੇ ਭਾਵ ਨੂੰ ਸਪਸ਼ਟ ਕਰਨ ਲਈ ਉਹਨਾਂ ਦੇ ਵਿਚਕਾਰ ਯੋਗ ਥਾਵੇਂ ਅਰਧ-ਬਿਸ੍ਰਾਮ ਦੇ ਕੇ ਉਚਾਰਣ ਕਰਨਾ ਵੀ ਸ਼ੁਧ ਉਚਾਰਣ ਦਾ ਅਨਿਖੜਵਾਂ ਅੰਗ ਹੈ।

5) ਗੁਰਬਾਣੀ ਦੇ ਸ਼ੁਧ ਉਚਾਰਨ ਲਈ ਸਿਖਲਾਈ, ਅਭਿਆਸ ਅਤੇ ਸਾਵਧਾਨਤਾ ਦੀ ਬਹੁਤ ਲੋੜ ਹੈ।

6) ਗੁਰਬਾਣੀ ਦੀ ਆਪਣੀ ਲਗਮਾਤ੍ਰੀ ਨਿਯਮਾਵਲੀ ਹੈ ਜਿਸ ਅਨੁਸਾਰ ਗੁਰਬਾਣੀ ਅੰਕਿਤ ਕੀਤੀ ਹੋਈ ਹੈ। ਇਸ ਨਿਯਮਾਵਲੀ ਅਨੁਸਾਰ ਸ਼ਬਦਾਂ ਦੀ ਬਣਤਰ ਦਾ ਉਨ੍ਹਾਂ ਦੇ ਅਰਥਾਂ ਨਾਲ ਅਨਿੱਖੜਵਾਂ ਸੰਬੰਧ ਹੁੰਦਾ ਹੈ। ਲਗਮਾਤ੍ਰੀ ਨਿਯਮਾਵਲੀ ਨੂੰ ਸਮਝਣ, ਇਸ ਦਾ ਪੰਥ-ਪਰਮਾਣਿਤ ਰੂਪ ਤਿਆਰ ਕੀਤੇ ਜਾਣ ਅਤੇ ਇਸ ਦੇ ਪਰਚਾਰ ਦੀ ਅਤਿਅੰਤ ਲੋੜ ਹੈ।

7) ਬਿੰਦੀਆਂ, ਅੱਧਕ ਅਤੇ ਪੈਰ-ਚਿੰਨ੍ਹ ਜਿਥੇ ਜਿਥੇ ਉਚਾਰਣ ਕੀਤੇ ਜਾਣੇ ਯੋਗ ਹਨ ਉਹਨਾਂ ਬਾਰੇ ਨਿਰਣੈ ਕੀਤੇ ਜਾਣ, ਉਹਨਾਂ ਦੀਆਂ ਸੰਪੂਰਣ ਸੂਚੀਆਂ ਤਿਆਰ ਕੀਤੇ ਜਾਣ ਦੀ ਅਤਿਅੰਤ ਤੇ ਤੁਰੰਤ ਲੋੜ ਹੈ। ਬਿੰਦੀ ਅਤੇ ਪੈਰ-ਚਿੰਨ੍ਹ ਜਿਥੇ ਜਿਥੇ ਛਾਪੇ ਦੀਆਂ ਬੀੜਾਂ ਵਿੱਚ ਛਪਣੋਂ ਰਹੇ ਹੋਏ ਹਨ ਪੁਰਾਤਨ ਲਿਖਤੀ ਬੀੜਾਂ ਦੀ ਅਗਵਾਈ ਹੇਠ ਇਨ੍ਹਾਂ ਨੂੰ ਲਗਾ ਕੇ ਬੀੜਾਂ ਦੀ ਅਗਲੀ ਛਪਾਈ ਹੋਣੀ ਚਾਹੀਦੀ ਹੈ।

8) ਫਾਰਸੀ ਅਤੇ ਸੰਸਕ੍ਰਿਤ ਦੇ ਅਪਨਾਏ ਹੋਏ ਸ਼ਬਦਾਂ ਦਾ ਉਚਾਰਣ ਉਹਨਾਂ ਦੇ ਅਪਨਾਏ ਗਏ ਰੂਪ ਅਨੁਸਾਰ ਯੋਗ ਹੈ ਨਾ ਕਿ ਉਨ੍ਹਾਂ ਦੀ ਸਾਹਿਤਕ ਮੂਲ ਬਣਤਰ ਅਨੁਸਾਰ। ਅਜਿਹੇ ਸ਼ਬਦਾਂ ਵਿੱਚ 'ਸਸੇ' ਅੱਖਰ ਦਾ ਜਿਥੇ ਜਿਥੇ 'ਸ਼ਸ਼ਾ' ਉਚਾਰਣ ਕੀਤਾ ਜਾਣਾ ਸ਼ੁਧ ਹੈ ਉਹਨਾਂ ਦੀ ਸੰਪੂਰਨ ਸੂਚੀ ਤਿਆਰ ਕੀਤੀ ਜਾਣੀ ਚਾਹੀਦੀ ਹੈ।

*****



www.AKJ.Org

# ਭਾਈ ਕਾਨ੍ਹ ਸਿੰਘ ਜੀ ਨਾਭਾ

ਡਾ. ਜਸਮਿੱਤਰ ਸਿੰਘ,
ਇਤਿਹਾਸ ਵਿਭਾਗ,
ਗੁ. ਨਾ. ਦੇ. ਯੂਨੀਵਰਸਿਟੀ ਕਾਲਜ, ਜਲੰਧਰ

ਸਿੰਘ ਸਭਾ ਲਹਿਰ, ਸਿੱਖੀ ਦੀ ਨਵ-ਚੇਤਨਾ ਅਤੇ ਪੁਨਰ-ਜਾਗ੍ਰਤੀ ਦੀ ਲਹਿਰ ਸੀ। ਇਸ ਦੇ ਪ੍ਰਭਾਵ ਹੇਠ ਉਹ ਨਵੀਆਂ ਉਸਾਰੂ ਸ਼ਕਤੀਆਂ ਹੋਂਦ ਵਿਚ ਆਈਆਂ, ਜਿਨ੍ਹਾਂ ਨੇ 'ਸਿੱਖੀ' ਨੂੰ ਸਾਹਸਹੀਣਤਾ ਦੀ ਦਸ਼ਾ ਵਿਚੋਂ ਕੱਢਿਆ, ਸਿੱਖ ਮੱਤ ਦੇ ਆਤਮਿਕ ਬਲ ਨੂੰ ਉਤੇਜਿਤ ਕੀਤਾ ਅਤੇ ਉਸ ਦੀ ਕਰਮਸ਼ੀਲਤਾ ਨੂੰ ਨਵੇਂ ਸੱਚਿਆਂ ਵਿਚ ਢਾਲਿਆ। ਸਿੱਖਾਂ ਨੇ ਆਪਣੀਆਂ ਰਵਾਇਤਾਂ ਨੂੰ ਸਵੈ ਅਤੇ ਸਵੈ-ਪਹਿਚਾਣ ਦੀ ਨਿਗਾਹ ਨਾਲ ਪਰਖਣਾ ਸ਼ੁਰੂ ਕੀਤਾ। ਅਜਿਹੇ ਰੀਤੀ ਰਿਵਾਜ ਅਤੇ ਕਰਮ ਜੋ ਗੁਰਮਤਿ ਅਨੁਸਾਰ ਨਹੀਂ ਸਨ ਅਤੇ ਮਨਮਤੀ ਪ੍ਰਭਾਵਾਂ ਹੇਠ ਸਿੱਖ ਸਮਾਜ ਵਿਚ ਘਰ ਕਰ ਚੁੱਕੇ ਸਨ, ਨੂੰ ਅਪ੍ਰਵਾਨ ਕਰਨ ਦੀ ਭਾਵਨਾ ਉਤੇਜਿਤ ਹੋਈ ਅਤੇ ਸਿੱਖੀ ਸਿਧਾਂਤਾਂ ਅਤੇ ਰਹੁਰੀਤਾਂ ਨੂੰ ਆਪਣੇ ਮੂਲ ਰੂਪ ਵਿਚ ਮੁੜ ਸਥਾਪਿਤ (Revive) ਕਰਨ ਦੇ ਪੁਰਜ਼ੋਰ ਯਤਨ ਆਰੰਭ ਹੋਏ।

ਇਸ ਸੁਧਾਰਕ ਲਹਿਰ ਨੇ ਸਿੱਖ ਧਰਮ, ਇਤਿਹਾਸ, ਸਿੱਖ-ਸਦਾਚਾਰ/ਸਭਿਆਚਾਰ ਲਈ ਗੁਰੂ ਬਚਨਾਂ ਦੀ ਕਸਵੱਟੀ ਬਣਾ ਕੇ ਵਰਤਣ ਦੀ ਸੋਧ ਦਿੱਤੀ, ਜਿਸਦੇ ਨਤੀਜੇ ਵਜੋਂ ਸਿੱਖ ਇਤਿਹਾਸ, ਸਿੱਖ ਸਾਹਿਤ ਅਤੇ ਸਿੱਖ ਰਹੁ-ਰੀਤਾਂ ਵਿਚ ਪ੍ਰਵੇਸ਼ ਕਰ ਚੁੱਕਾ ਗੰਧਲਾਪਣ ਨਿਤਾਰਿਆ ਜਾਣ ਲੱਗਾ।

ਸੋ ਪੁਨਰ-ਜਾਗ੍ਰਤੀ ਅਤੇ ਅਧੁਨਿਕਤਾ ਦੇ ਇਸ ਨਵੇਂ ਦੌਰ ਵਿਚ ਸਿੱਖਾਂ ਵਿਚ ਆਪਣੀ ਹੋਂਦ (Identity) ਨੂੰ ਬਰਕਰਾਰ ਰਖਣ ਦੀ ਚੇਤਨਾ ਆਈ। ਗਿਆਨੀ ਦਿਤ ਸਿੰਘ, ਪ੍ਰੋ: ਗੁਰਮੁਖ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਇਸ ਦੌਰ ਦੇ ਮਹਾਨ ਚਿੰਤਕ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਸਿੱਖ ਸੰਗਠਨ ਦੀ ਵਿਲੱਖਣਤਾ ਅਤੇ 'ਸਿੱਖੀ' ਦੀ ਨਿਰੋਲਤਾ ਨੂੰ ਮੁੜ ਉਭਾਰ ਕੇ ਲੋਕਾਂ ਸਾਹਮਣੇ ਪੇਸ਼ ਕਰਨ ਦਾ ਹੰਭਲਾ ਮਾਰਿਆ।

ਭਾਈ ਕਾਨ੍ਹ ਸਿੰਘ ਜੀ ਨਾਭਾ (ਜਿਨ੍ਹਾਂ ਦਾ ਜਨਮ 30 ਅਗਸਤ 1861 ਈ. ਨੂੰ ਹੋਇਆ) ਆਪਣੇ ਜੀਵਨ ਕਾਲ ਵਿਚ 'ਸਿੱਖੀ' ਦੀ ਬਹੁਤ ਹੀ ਮਹੱਤਵਪੂਰਣ ਅਤੇ ਅਤਿ ਸ਼ਲਾਘਾਯੋਗ ਸੇਵਾ ਕੀਤੀ। ਉਨ੍ਹਾਂ ਪ੍ਰਥਾਇ ਉਨ੍ਹਾਂ ਦੇ ਇਕ ਸ਼ਿਸ਼ ਸ. ਸਮਸ਼ੇਰ ਸਿੰਘ ਅਸ਼ੋਕ ਕੁਝ ਇਸ ਪ੍ਰਕਾਰ ਲਿਖਦੇ ਹਨ :

"ਭਾਈ ਸਾਹਿਬ ਨੇ ਸਿੰਘ ਸਭਾ ਲਾਹੌਰ ਦੇ ਸਜਣਾਂ ਨਾਲ ਮਿਲ ਕੇ ਇਸ ਦੇ ਵਿਦਿਅਕ, ਸਮਾਜ-ਸੁਧਾਰਕ ਅਤੇ ਵਿਸ਼ੇਸ਼ ਕਰਕੇ ਸਾਹਿਤਕ (ਗੁਰਮਤਿ ਸਿਧਾਂਤ) ਖੋਜ ਵਿਚ ਲੱਗ ਕੇ ਸਿੱਖ ਪੰਥ ਦੀ ਅਦੁੱਤੀ ਸੇਵਾ ਕੀਤੀ।"

(ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ)"

ਏਨਾ ਹੀ ਨਹੀਂ ਆਪ ਆਪਣੀਆਂ ਨਿੱਜੀ ਸਾਹਿਤਕ ਅਤੇ ਸਮਾਜ-ਸੁਧਾਰਕ ਸਰਗਰਮੀਆਂ ਦੇ ਨਾਲ ਨਾਲ ਆਪਣੇ ਸਮਕਾਲੀ ਵਿਦਵਾਨਾਂ ਦਾ ਵੀ ਪੂਰਾ ਪੂਰਾ ਹੱਥ ਵਟਾਉਂਦੇ ਰਹੇ। ਮਿਸਟਰ ਮੈਕਸ ਮੈਕਾਲਿਫ ਦੇ ਸ਼ਬਦ ਇਸ ਤਥ ਦੀ ਪੁਸ਼ਟੀ ਕਰਦੇ ਹਨ :

... for literary assistance must acknowledge my indebtedness to Bhai Kahan Singh of Nabha, one of the greatest scholars and most distinguished authors among the Sikhs, who by order of the Maharaja of Nabha accompanied me to Europe to assist in the publication of this work (The Sikh Religion, 6 Vols.) and in reading the proofs thereof."

The Sikh Religion, 6 Vols. S. Chand Delhi, 1963 (reprint) pp. XXIX-XXX)

ਇਹ ਪੁਸਤਕ (ਛੇ ਜਿਲਦਾਂ ਵਿਚ) 1906 ਈ: ਵਿਚ ਤਿਆਰ ਹੋਈ ਸੀ ਅਤੇ ਇਕ ਗੈਰ-ਸਿੱਖ ਦੀ ਸਿੱਖ ਧਰਮ ਨੂੰ ਇਕ ਪ੍ਰਮਾਣੀਕ ਦੇਣ ਮੰਨੀ ਗਈ ਹੈ।

ਸਿੱਖਾਂ ਦੀ ਆਜ਼ਾਦਾਨਾ ਹੋਂਦ (Sikh Identity) ਨੂੰ ਉਜਾਗਰ ਕਰਨਾ (ਕਿਸੇ ਫਿਰਕੂ ਜਾਂ ਸੌੜੀ ਸੋਚ ਦੇ ਅਧੀਨ ਹੋ ਕੇ ਨਹੀਂ ਬਲਕਿ ਸਮੇਂ ਦੀ ਲੋੜ ਮੁਤਾਬਿਕ - (ਹਮ ਹਿੰਦੂ ਨਹੀਂ) : ਸਿੱਖ ਧਾਰਮਿਕ ਸਾਹਿਤ ਵਿਚ ਪਏ ਮਿਲਗੋਭੇ ਅਰਥਾਤ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਲਿਖੇ ਗਏ ਗ੍ਰੰਥਾਂ (ਜਿਨ੍ਹਾਂ ਵਿਚ ਕ੍ਰਿਤਾਂ ਭਾਈ ਸੁੱਖਾ ਸਿੰਘ, ਬਾਵਾ ਸੁਮੇਰ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਆਦਿ), ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਰਹੁ-ਰੀਤਾਂ ਆਦਿ ਪ੍ਰਤੀ ਪਾਏ ਗਏ ਭੁਲੇਖਿਆਂ ਨੂੰ ਗੁਰਬਾਣੀ ਨੂੰ ਆਧਾਰ ਬਣਾ ਕੇ ਦੂਰ ਕਰਨਾ ਅਤੇ ਸਿੱਖ ਜਗਤ ਨੂੰ ਜਾਗਰੂਕ ਕਰਨਾ ਮਹਾਨ ਚਿੰਤਕ ਦੀਆਂ ਕ੍ਰਿਤਾਂ ਦੇ ਮਜਮੂਨ ਰਹੇ ਹਨ। ਆਪ ਨੇ ਧਾਰਮਿਕ ਪਾਖੰਡਾਂ (Ritualism) ਪਰਚੀਲੇ ਗੁੰਝਲਦਾਰ ਰੀਤੀ-ਰਿਵਾਜਾਂ ਅਤੇ ਰੂੜ੍ਹੀਵਾਦੀ ਸੋਚ ਨੂੰ ਮਾਰੂ ਦਰਸਾਉਂਦੇ ਹੋਏ ਸਮੇਂ ਦੀ ਮੰਗ ਮੁਤਾਬਿਕ ਪੰਥ ਨੂੰ ਸਹੀ ਅਗਵਾਈ ਪ੍ਰਦਾਨ ਕੀਤੀ। ਆਪ ਦੀਆਂ ਰਚਨਾਵਾਂ ਦਾ ਵਿਸ਼ਾ ਉਸ ਵੇਲੇ ਦੀ ਰਾਜਨੀਤਕ, ਸਮਾਜਿਕ-



www.AKJ.Org

ਧਾਰਮਿਕ (Socio-Religious) ਅਤੇ ਸਭਿਆਚਾਰਕ ਪਰਿਵਰਤਨ ਰੇਖਾਂਕਿਤ ਕਰਦਾ ਹੈ।

ਸਿੱਖ-ਇਤਿਹਾਸ ਵਿਚ ਮੀਲ ਪੱਥਰ ਵਜੋਂ ਮੰਨੇ ਗਏ ਅਤਿ ਮਹੱਤਵ-ਪੂਰਣ ਕਾਰਜਾਂ ਵਿਚ ਆਪ ਵਲੋਂ ਪਾਏ ਗਏ ਯੋਗਦਾਨ ਦਾ ਸੰਖੇਪ ਬਿਉਰਾ :

ਭਾਵੇਂ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਬਹੁਤਾ ਸਮਾਂ ਗੁਰਮਤਿ ਪ੍ਰਚਾਰ ਅਤੇ ਸਿੱਖ ਧਰਮ ਅਤੇ ਇਤਿਹਾਸ ਦੀ ਖੋਜ ਸੰਬੰਧੀ ਪੁਸਤਕਾਂ ਪ੍ਰਕਾਸ਼ਿਤ ਕਰਨ ਤੇ ਖਰਚ ਹੁੰਦਾ ਸੀ, ਪਰੰਤੂ ਸਾਹਿਤਕ ਸੇਵਾ ਦੇ ਨਾਲ ਨਾਲ ਹੀ ਵਾਰੀ ਆਉਂਦੀ ਹੈ ਧਾਰਮਿਕ-ਸੁਧਾਰਾਂ ਦੀ (ਜਿਨ੍ਹਾਂ ਵਿਚ ਆਪ ਜੀ ਵਲੋਂ ਨਿਭਾਈ ਗਈ ਭੂਮਿਕਾ ਤੋਂ ਕਦੇ ਵੀ ਸਿੱਖ ਜਗਤ ਮੁਨਕਰ ਨਹੀਂ ਹੋ ਸਕਦਾ)। ਮਿਸਾਲ ਵਜੋਂ 1905 ਈ. ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀਆਂ ਪਰਕਰਮਾਂ ਵਿਚੋਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਉਠਾਉਣ ਦਾ ਮਾਮਲਾ (ਗੁਰਮਤਿ ਵਿੱਚ ਬੁੱਤ-ਪ੍ਰਸਤੀ dol worship ਦੀ ਕੋਈ ਥਾਂ ਨਹੀਂ) ਇਸ ਮਸਲੇ ਤੇ ਸਿੰਘ ਸਭਾਵਾਂ ਅਤੇ ਸਨਾਤਨੀ ਖਿਆਲਾਂ ਦੇ ਪ੍ਰਭਾਵ ਹੇਠ ਆਏ ਸਿੱਖਾਂ ਵਿੱਚ ਵੀ ਤਿੱਖੇ ਮਤਭੇਦ ਸਨ। ਪ੍ਰੰਤੂ ਜਦੋਂ ਇਹ ਵਿਵਾਦ ਗ੍ਰਸਤ ਮਸਲਾ ਉਸ ਵੇਲੇ ਦੇ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ-ਕਮਿਸ਼ਨਰ (ਮਿੰਕਿੰਗ) ਕੋਲ ਗਿਆ ਤਾਂ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਹੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ 1905 ਈ. ਵਿੱਚ ਉਹ ਸਾਰੇ ਬੁੱਤ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਪ੍ਰਕਰਮਾਂ ਵਿਚੋਂ ਹੁਕਮਨ ਉਠਾਏ ਗਏ ਸਨ। ਜਿਥੇ ਆਪ ਨੂੰ ਗੁਰਮਤਿ ਦੀ ਖੋਜ ਵਿੱਚ ਨਿਪੁੰਨਤਾ ਹਾਸਿਲ ਸੀ, ਉਥੇ ਆਪ ਰਾਜਨੀਤੀ ਤੋਂ ਵੀ ਪੂਰੀ ਤਰ੍ਹਾਂ (Political awareness) ਸੁਚੇਤ ਸਨ। ਇਸੇ ਲਈ ਹੀ ਮਹਾਰਾਜਾ ਨਾਭਾ ਨੇ ਆਪ ਜੀ ਦਾ ਉਪ-ਨਾਮ 'ਨੀਤੀ ਜੀ' ਰੱਖਿਆ ਸੀ।

ਸੰਨ 1892 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਨਾਲ ਸੰਬੰਧਿਤ ਮਾਮਲਾ ਮਹੱਤਵਪੂਰਣ ਹੈ। ਇਸ ਸਮੇਂ ਕੁੱਝ ਕੁ ਰਾਜਨੀਤਕ, ਸਮਾਜਿਕ/ਧਾਰਮਿਕ ਅਤੇ ਧਨੀ ਸਿੱਖਾਂ ਵਿੱਚ ਤਿੱਖੇ ਮਤ-ਭੇਦ ਸਨ (ਸ: ਅਤਰ ਸਿੰਘ ਭਦੌੜ ਅਤੇ ਮਹਾਰਾਜਾ ਹੀਰਾ ਸਿੰਘ ਨਾਭਾ ਦਰਮਿਆਨ ਵਿਸ਼ੇਸ਼ ਕਰਕੇ)। ਅਜਿਹੇ ਉਸਾਰੂ ਮਸਲੇ ਤੇ ਸਾਰੇ ਹੀ ਸਿੱਖ ਰਈਸਾਂ ਦਾ ਇਕ ਪਲੇਟਫਾਰਮ ਤੇ ਇਕੱਤਰ ਹੋਣਾ ਸਮੇਂ ਦੀ ਲੋੜ ਸੀ। ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਦੇ ਸਾਲਸ ਬਣਨ ਤੇ ਇਨ੍ਹਾਂ ਰਈਸਾਂ (ਸ: ਅਤਰ ਸਿੰਘ ਭਦੌੜ ਅਤੇ ਮਹਾਰਾਜਾ ਨਾਭਾ) ਦਾ ਮੇਲ ਹੋਇਆ ਅਤੇ ਫਿਰ ਸਾਰੀਆਂ ਸਿੱਖ ਰਿਆਸਤਾਂ, ਸਿੱਖ ਰਈਸਾਂ, ਸਿੱਖ ਸਮਾਜਿਕ-ਧਾਰਮਿਕ ਨੇਤਾਵਾਂ ਅਤੇ ਅੰਗਰੇਜੀ ਸਰਕਾਰ ਦੇ ਮਿਲਵੇਂ ਯਤਨ ਸਦਕਾ ਚੋਖੀ ਧਨ-ਰਾਸ਼ੀ ਇਕੱਠੀ ਹੋਣ ਤੇ ਕਾਲਜ ਦੀ ਨੀਂਹ ਰੱਖੀ ਗਈ, ਜਿਸ ਕਾਲਜ ਨੇ ਸ਼ੁਰੂ ਤੋਂ ਹੀ ਸਿੱਖਾਂ ਦੇ ਸਮਾਜਿਕ, ਬੌਧਿਕ ਵਿਕਾਸ ਵਿਚ ਹਮੇਸ਼ਾਂ ਹੀ ਅਹਿਮ ਰੋਲ ਅਦਾ ਕੀਤਾ ਅਤੇ ਅੱਜ ਵੀ ਕਰ ਰਿਹਾ ਹੈ।

ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਸਲਾਨਾ ਵਿਦਿਅਕ ਕਾਨਫਰੰਸ ਜੋ 3 ਅਪ੍ਰੈਲ, 1931 ਨੂੰ ਅੰਮ੍ਰਿਤਸਰ ਹੋਈ, ਆਪ ਇਸ ਕਾਨਫਰੰਸ ਦੇ ਪ੍ਰਧਾਨ ਸਨ ਅਤੇ ਆਪ ਵਲੋਂ ਕਾਨਫਰੰਸ ਵਿੱਚ ਪੜ੍ਹਿਆ ਗਿਆ ਪ੍ਰਧਾਨਗੀ ਭਾਸ਼ਨ ਬਹੁਤ ਹੀ ਵਿਦਵਤਾ ਭਰਪੂਰ ਅਤੇ ਜਨ-ਸਮੂਹ ਦਾ ਇਸ ਖੇਤਰ ਵਿਚ ਪੱਥ-ਪ੍ਰਦਰਸ਼ਨ ਕਰਨ ਵਾਲਾ ਸੀ।

ਆਪ ਪੰਜਾਬੀ ਸਾਹਿਤ ਦੇ ਉਸਰਈਏ, ਗੁਰਮਤਿ ਦੇ ਅਦੁੱਤੀ ਵਿਆਖਿਆਕਾਰ ਅਤੇ ਸਿੱਖ ਇਤਿਹਾਸ ਦੇ ਮਹਾਨ ਖੋਜੀ ਸਨ। ਉਸਾਰੂ, ਗਤੀਸ਼ੀਲ ਅਤੇ ਧਾਰਮਿਕ ਪਹੁੰਚ ਆਪ ਦੀਆਂ ਸਾਰੀਆਂ ਕ੍ਰਿਤਾਂ ਦਾ ਅਨਿਖੜਵਾਂ ਅੰਗ ਬਣੀ ਰਹੀ। ਸੰਕਲਨ, ਸੰਪਾਦਨ, ਟਿੱਪਣੀ, ਟੀਕਾ ਜਾਂ ਭਾਸ਼ਾ ਤਿਆਰ ਕਰਨ ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਹਾਣ ਦੇ ਵਿਦਵਾਨ ਵਿਰਲੇ ਹੀ ਹੋਏ ਹਨ। ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਹਰੇਕ ਖੋਜੀ ਵਿਦਵਾਨ ਨੂੰ ਆਪ ਦੀ ਪ੍ਰਸੰਸਾ ਕਰਨੀ ਹੀ ਪਈ। ਸੱਚ ਤਾਂ ਇਹ ਹੈ ਕਿ ਅੱਜ ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਿਤ ਹਰੇਕ ਖੋਜ-ਕਾਰਜ ਆਪ ਦੀਆਂ ਲਿਖਤਾਂ ਦੇ ਹਵਾਲੇ ਤੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਹੈ। 'ਗੁਰਸ਼ਬਦ ਰਤਨਾਕਰ ਮਹਾਨਕੋਸ਼', 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਕਰ', 'ਅਨੇਕਾਰਥ ਕੋਸ਼', ਮੁੱਖ ਹਵਾਲਾ ਗ੍ਰੰਥ (Reference Books) ਹਨ।

ਅੱਜ ਅਸਾਨੂੰ ਖਾਸ ਕਰਕੇ ਸਿੱਖ ਸਮਾਜਿਕ/ਧਾਰਮਿਕ, ਵਿਦਿਅਕ ਸੰਸਥਾਵਾਂ ਆਦਿ ਨਾਲ ਸੰਬੰਧਿਤ ਸਮੂਹ ਪੰਥਕ ਹਿਤੈਸ਼ੀਆਂ ਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਵਲੋਂ ਪਾਈਆਂ ਗਈਆਂ ਉਸਾਰੂ ਪਿਰਤਾਂ (ਜਿਨ੍ਹਾਂ ਦੀਆਂ ਚੰਦ ਕੁ ਮਿਸਾਲਾਂ ਲੇਖਕ ਉਪਰ ਦੇ ਚੁੱਕਾ ਹੈ) ਨੂੰ ਅਪਨਾਉਣਾ ਹੀ ਨਹੀਂ ਬਲਕਿ ਬੜੀ ਸੰਜੀਦਗੀ ਨਾਲ ਇਨ੍ਹਾਂ ਤੇ ਪਹਿਰਾ ਦੇਣਾ ਚਾਹੀਦਾ ਹੈ। ਸਿੱਖ-ਸਮਾਜ ਲੜਖੜਾ ਰਿਹਾ ਹੈ, ਇਸ ਨੂੰ ਉਸਾਰੂ ਅਤੇ ਗਤੀਸ਼ੀਲ ਅਗਵਾਈ ਦੀ ਲੋੜ ਹੈ। ਮਹਾਨ-ਚਿੰਤਕ ਦੇ 134ਵੇਂ ਜਨਮ-ਦਿਵਸ ਤੇ ਇਹੀ ਅਸਾਡੀ ਉਹਨਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ।

*****



www.AKJ.Org

# ਆਓ ਗੁਰੂ ਲੜ ਲੱਗੀਏ

(ਪ੍ਰੋ: ਹਰਬੰਸ ਸਿੰਘ, ਲੁਧਿਆਣਾ)

ਪਿਆਰਿਓ ! ਆਓ ਅਸੀਂ ਭੀ ਸਤਿਗੁਰੂ ਦਾ ਪੱਲਾ ਫੜੀਏ ਇਸ ਸੰਸਾਰ ਸਮੁੰਦਰ 'ਚੋਂ ਪਾਰ ਹੋਣ ਲਈ, ਜਨਮਾਂ ਜਨਮਾਂਤਰਾਂ ਦੀ ਘੁੰਮਣਘੇਰੀ 'ਚੋਂ ਬਾਹਰ ਨਿਕਲਣ ਲਈ, ਆਓ ਅਸੀਂ ਗੁਰੂ ਲੜ ਲੱਗੀਏ। ਨਿਗੁਰੇ ਹੀ ਨਾ ਰਹੀਏ ਕਿਉਂ ਜੋ "ਨਿਗੁਰੇ ਕਾ ਹੈ ਨਾਉ ਬੁਰਾ।" ਆਓ ਅਸੀਂ ਮਨਮੁਖਤਾਈ ਛੱਡੀਏ, ਕੁਮੱਤ ਤਿਆਗੀਏ, ਗੁਰਮਤਿ ਅਪਣਾਈਏ, ਗੁਰੂ ਦੇ ਹੁਕਮਾਂ ਅੰਦਰ ਆਵੀਏ, ਗੁਰਮੁਖ ਬਣੀਏ। ਗੁਰਮਤਿ ਗਾਡੀ ਰਾਹ ਤੇ ਚਲੀਏ ਤੇ ਲੋਕ ਸੁਖੀਏ ਪਰਲੋਕ ਸੁਹੇਲੇ ਬਣੀਏ।

ਪਿਆਰਿਓ ! ਆਓ ਅਸੀਂ ਭੀ ਗੁਰੂ ਦੇ ਚਰਨੀਂ ਲੱਗੀਏ। ਗੁਰੂ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਦੇ ਅੱਗੇ ਪੇਸ਼ ਹੋ ਕੇ ਆਪਣੀਆਂ ਪਿਛਲੀਆਂ ਭੁਲਾਂ ਬਖਸ਼ਵਾਈਏ ਅਤੇ ਅੱਗੇ ਤੋਂ ਗੁਰੂ ਹੁਕਮਾਂ ਅਨੁਸਾਰ ਚੱਲਣ ਦੀ ਪ੍ਰਤੱਗਿਆ ਕਰੀਏ। ਹਉਮੈਂ ਨੂੰ ਤਿਆਗ ਕੇ ਨਿਮਾਣੇ ਬਣ ਕੇ ਸਤਿਗੁਰੂ ਅੱਗੇ 'ਅੰਮ੍ਰਿਤ ਨਾਮ' ਲਈ ਜਾਚਨਾ ਕਰੀਏ, ਹਾਂ ਜੀ ! 'ਅੰਮ੍ਰਿਤ ਨਾਮ' ਲਈ ਬੇਨਤੀ ਕਰੀਏ। ਅੰਮ੍ਰਿਤ ਛਕ ਕੇ 'ਖਸਮ' ਵਾਲੇ ਬਣੀਏ। 'ਦੁਹਾਗਣ' ਨਾ ਰਹੀਏ, ਆਪਣੇ ਆਪ ਨੂੰ 'ਕਮਜਾਤ' ਨਾ ਸਦਵਾਈਏ ਸਗੋਂ ਅੰਮ੍ਰਿਤ ਛਕ ਕੇ 'ਸੁਹਾਗਣ' ਬਣ ਜਾਈਏ।

ਪਿਆਰਿਓ ! ਆਓ ਅਸੀਂ ਭੀ ਖਸਮ ਵਾਲੇ ਬਣੀਏ। ਨਿਖਸਮੇਂ ਹੀ ਨਾ ਰਹੀਏ। ਨਿਆਸਰੇ ਹੀ ਨਾ ਧੱਕੇ ਖਾਈਏ ਸਗੋਂ ਸਤਿਗੁਰੂ ਦਾ ਸੱਚਾ ਆਸਰਾ ਭਾਲੀਏ। ਮਨ ਦੀਆਂ ਮੱਤਾਂ ਛੱਡੀਏ। ਤਨ, ਮਨ, ਧਨ ਸਭ ਗੁਰੂ ਨੂੰ ਸੌਂਪ ਕੇ, ਉਸਦੇ ਹੁਕਮਾਂ ਅੰਦਰ ਆਈਏ। ਉਸਦੇ ਲਾਲੇ ਗੋਲੇ ਬਣੀਏ। ਉਸਦੇ ਹੁਕਮੀ ਬੰਦੇ ਅਥਵਾ ਸਚਿਆਰ ਸਿੱਖ ਬਣੀਏ।

ਪਿਆਰਿਓ ! ਅੰਮ੍ਰਿਤ ਛਕਣਾ ਗੁਰੂ ਦੇ ਲੜ ਲੱਗਣਾ ਹੈ। ਅੰਮ੍ਰਿਤ ਸੰਚਾਰ ਸਮੇਂ ਪੰਚ ਪਰਵਾਨ (ਪੰਜ ਪਿਆਰੇ) ਸਾਡੇ ਸਰੀਰ ਅੰਦਰ ਅੰਮ੍ਰਿਤ ਸਿੰਚ ਦਿੰਦੇ ਹਨ। ਤਨ ਰੂਪੀ ਸਾਡਾ ਸੁੱਕਾ ਖੇਤ ਅੰਮ੍ਰਿਤ ਜਲ ਦੇ ਅੰਦਰ ਧਸਣ ਨਾਲ ਤਰਾਵਟ ਵਿੱਚ ਆ ਜਾਂਦਾ ਹੈ, ਖੁਸ਼ਕੀ ਦੂਰ ਹੋ ਜਾਂਦੀ ਹੈ ਅਤੇ ਕੌੜਾਪਨ ਮਿੱਠਤ ਵਿੱਚ ਬਦਲ ਜਾਂਦਾ ਹੈ। ਨਿਰਬਲਤਾ ਖਤਮ ਹੋ ਜਾਂਦੀ ਹੈ ਅਤੇ ਬਲ ਆ ਜਾਂਦਾ ਹੈ। ਪੰਚ ਪਰਵਾਨ ਸਾਡੇ ਹਿਰਦੇ ਅੰਦਰ 'ਨਾਮ' ਬੀਜ ਦਿੰਦੇ ਹਨ, ਅੰਮ੍ਰਿਤ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ। ਸਾਨੂੰ ਗੁਰੂ ਦੁਆਰਿਓਂ 'ਗੁਰਮੰਤ੍ਰ' ਮਿਲ ਜਾਂਦਾ ਹੈ। ਫਿਰ ਇਸ ਗੁਰਮੰਤ੍ਰ ਦੀ ਕਮਾਈ ਕਰਨੀ ਸਾਡੀ ਡਿਊਟੀ (Duty) ਬਣ ਜਾਂਦੀ ਹੈ। ਅਸੀਂ ਜਿਉਂ ਜਿਉਂ ਨਾਮ ਸਿਮਰਣ ਦੀ ਸੱਚੀ ਕਾਰ ਕਰਦੇ ਜਾਂਦੇ ਹਾਂ ਸਾਡੇ ਖੋਟ ਦੂਰ ਹੁੰਦੇ ਜਾਂਦੇ ਹਨ ਅਤੇ ਗੁਰੂ ਪਾਰਸ ਲੜ ਲੱਗ ਕੇ ਅਸੀਂ ਸ਼ੁੱਧ ਸੋਨਾ ਬਣਦੇ ਜਾਂਦੇ ਹਾਂ। ਅਸੀਂ '੧ਓ' (ਵਾਹਿਗੁਰੂ) ਅਤੇ ਉਸਦੇ ਕੌਤਕਾਂ ਨੂੰ ਸਮਝਣ ਲੱਗ ਜਾਂਦੇ ਹਾਂ ਕਿਉਂ ਜੋ ਸਤਿਗੁਰੂ ਦੇ 'ਸ਼ਬਦ' ਦੁਆਰਾ ਸਾਡੀ ਅਗਿਆਨਤਾ ਦਾ ਹਨ੍ਹੇਰਾ ਦੂਰ ਹੁੰਦਾ ਜਾਂਦਾ ਹੈ। 'ਗਿਆਨ' ਦੇ ਪ੍ਰਗਟ ਹੋਣ ਕਾਰਨ ਅਸੀਂ ਗਿਆਨ ਵਾਲੇ ਅਥਵਾ ਗਿਆਨੀ ਬਣ ਜਾਂਦੇ ਹਾਂ, ਸਾਡੀ ਬੁੱਧੀ ਉੱਜਲ ਹੋ ਜਾਂਦੀ ਹੈ ਅਤੇ ਅਸੀਂ ਸੱਚ ਝੂਠ, ਖੋਟੇ ਖਰੇ, ਚੰਗੇ ਮੰਦੇ ਨੂੰ ਪਛਾਨਣ ਲੱਗ ਪੈਂਦੇ ਹਾਂ। ਸੱਚ ਨੂੰ ਪਛਾਨਣ ਕਾਰਨ ਸਾਡਾ ਜੀਵਨ ਰਾਹ ਸੁਖੱਲਾ ਹੋ ਜਾਂਦਾ ਹੈ।

ਪਿਆਰਿਓ ! ਸਤਿਗੁਰੂ ਦੇ ਲੜ ਲੱਗ ਕੇ ਅਸੀਂ 'ਧਰਮ ਧੜੇ' ਵਿੱਚ ਸ਼ਾਮਲ ਹੋ ਜਾਂਦੇ ਹਾਂ। ਅਸੀਂ 'ਸਤਿ ਮਾਰਗ' ਦੇ ਪਾਂਧੀ ਬਣ ਜਾਂਦੇ ਹਾਂ। ਸਾਡਾ ਕੂੜ ਕੁਸੱਤ ਦਾ ਜੀਵਨ ਮੁੱਕ ਜਾਂਦਾ ਹੈ। ਸਤਿਗੁਰੂ ਦੇ ਲੜ ਲੱਗਣ ਨਾਲ ਸਾਡਾ ਪਿਛਲਾ ਆਨਮਤੀ ਜੀਵਨ ਖਤਮ ਹੋ ਜਾਂਦਾ ਹੈ ਅਤੇ ਸਤਿਗੁਰੂ ਦੇ ਘਰ ਸਾਡਾ ਜੀਵਨ ਆਰੰਭ ਹੋ ਜਾਂਦਾ ਹੈ। ਅਸੀਂ ਜਿਉਂਦੇ ਹੀ ਮਰ ਕੇ ਸਤਿਗੁਰੂ ਦੇ ਘਰ ਨਵਾਂ ਜਨਮ ਲੈ ਲੈਂਦੇ ਹਾਂ ਅਤੇ 'ਮਰਜੀਵੜੇ' ਸਦਵਾਉਣ ਲੱਗ ਪੈਂਦੇ ਹਾਂ। ਸਾਡੇ ਪਿਛਲੇ ਜ਼ਾਤ ਗੋਤ ਸਭ ਖਤਮ ਹੋ ਜਾਂਦੇ ਹਨ ਅਤੇ ਅਸੀਂ ਸਤਿਗੁਰੂ ਦੀ ਖ਼ਾਲਸਾ ਫੌਜ ਵਿਚ ਭਰਤੀ ਹੋ ਜਾਂਦੇ ਹਾਂ। ਅਸੀਂ ਸਤਿਗੁਰੂ ਨੂੰ ਸਿਰ ਵੇਚ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹਾਂ ਅਤੇ ਅੰਮ੍ਰਿਤ ਛਕਣ ਕਾਰਨ ਸਤਿਗੁਰੂ ਦੇ ਬੇਖਰੀਦ ਲਾਲੇ ਗੋਲੇ ਬਣ ਜਾਂਦੇ ਹਾਂ। ਸਤਿਗੁਰੂ ਦੇ ਹੁਕਮਾਂ ਤੋਂ ਵਧਕੇ ਸਾਡੇ ਵਾਸਤੇ ਕੋਈ ਹੋਰ ਚੀਜ਼ ਨਹੀਂ। 'ਸਤਿਗੁਰੂ ਦੇ ਬਚਨ' (ਗੁਰਬਾਣੀ) ਸਾਡੇ ਲਈ ਰੱਬੀ ਹੁਕਮ ਹਨ। ਇਨ੍ਹਾਂ ਨੂੰ ਪੜ੍ਹਨਾ, ਸੁਨਣਾ, ਵਿਚਾਰਨਾ ਅਤੇ ਪੜ੍ਹ ਸੁਣਕੇ ਮਨ ਅੰਦਰ ਵਸਾਉਣਾ ਗੁਰ ਹੁਕਮਾਂ ਦੀ ਤਾਮੀਲ ਕਰਨੀ ਹੈ, ਜੋ ਸਾਡਾ ਪਹਿਲਾਂ ਫਰਜ਼ ਹੈ। ਅਸੀਂ ਗੁਰੂ ਦੇ ਬਚਨਾਂ ਤੋਂ ਕੁਰਬਾਨ ਹੋਣ ਵਾਲੇ ਭੌਰੇ ਹਾਂ। ਇਹੋ ਹੀ ਕਾਰਨ ਹੈ ਕਿ ਲੋਕੀਂ ਸਤਿਗੁਰੂ ਦੇ ਬਚਨਾਂ ਨੂੰ ਕਮਾਉਣ ਵਾਲੇ ਹੁਕਮੀ ਬੰਦਿਆਂ ਨੂੰ ਸਿਰਲੱਥ ਸੂਰਮੇ ਕਹਿੰਦੇ ਹਨ। ਕੋਈ ਸੂਰਮਾ ਹੀ ਪੂਰੇ ਗੁਰੂ ਦੇ ਹੁਕਮਾਂ ਨੂੰ ਕਮਾ ਸਕਦਾ ਹੈ ਜਿਸ ਨੇ ਆਪਣਾ ਸਿਰ ਆਪਣੇ



www.AKJ.Org

ਸਤਿਗੁਰੂ ਅੱਗੇ ਵੇਚਿਆ ਹੋਇਆ ਹੋਵੇ।

ਸਤਿਗੁਰੂ ਮਾਂ ਵਾਂਗ ਆਪਣੇ ਸਿੱਖਾਂ ਦੀ ਪ੍ਰਿਤਪਾਲਣਾ ਕਰਦਾ ਹੈ। ਉਹ ਆਪਣੇ 'ਸਿੱਖ' ਪੁੱਤਰਾਂ ਦੀ ਆਪ ਰਖਵਾਲੀ ਕਰਦਾ ਹੈ। ਦੁਖ ਸੁਖ, ਭੁੱਖ ਭੀੜ ਵੇਲੇ ਸਹਾਇਤਾ ਕਰਦਾ ਹੈ, ਜ਼ਰੂਰ ਕਰਦਾ ਹੈ। ਪਰ ਰਖਵਾਲੀ ਉਸਦੀ ਕਰਦਾ ਹੈ ਜੋ ਉਸਦਾ ਬਣ ਕੇ ਰਹੇ, ਜੋ ਉਸਦੇ ਹੁਕਮਾਂ ਦੀ ਪਾਲਣਾ ਕਰੇ, ਜੋ ਉਸਦੀ 'ਰਹਿਤ' ਵਿੱਚ ਰਹੇ। ਸਤਿਗੁਰੂ ਜੀ ਤਾਂ ਰਹਿਤ ਵਿੱਚ ਰਹਿਣ ਵਾਲੇ ਸਿੱਖ ਨੂੰ 'ਸਾਹਿਬ' ਸਮਝਦੇ ਹਨ। ਉਹ ਤਾਂ ਰਹਿਤਵਾਨ ਸਿੱਖਾਂ ਦੇ ਚਰਨਾਂ ਦੀ ਧੂੜੀ ਲੋਚਦੇ ਹਨ, ਨਾਮ ਸਿਮਰਨ ਕਰਨ ਵਾਲੇ ਸੰਤ ਸਿਪਾਹੀਆਂ ਦੀ।

ਪਿਆਰਿਓ ! ਸਤਿਗੁਰੂ ਜੀ ਆਪਣੇ ਸਿੱਖਾਂ ਦੀ ਰਖਿਆ ਕਰਦੇ ਹਨ ਅਤੇ ਅਵੱਸ਼ ਕਰਦੇ ਹਨ। ਸਤਿਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ :

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।।
ਸੇਵਕ ਕਉ ਗੁਰੁ ਸਦਾ ਦਇਆਲ।।
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।।
ਗੁਰ ਬਚਨੀ ਹਰਿ ਨਾਮੁ ਉਚਰੈ।।
ਸਤਿਗੁਰੁ ਸਿਖ ਕੇ ਬੰਧਨ ਕਾਟੈ।।
ਗੁਰ ਕਾ ਸਿਖੁ ਬਿਕਾਰ ਤੇ ਹਾਟੈ।।
ਸਤਿਗੁਰੁ ਸਿਖ ਕਉ ਧਨੁ ਦੇਇ।।
ਗੁਰ ਕਾ ਸਿਖੁ ਵਡਭਾਗੀ ਹੇ।।
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।।
(ਗਉੜੀ ਸੁਖਮਨੀ ਮ: ੫)

ਪਰ ਸਤਿਗੁਰੂ ਜੀ ਉਸਦੀ ਪ੍ਰਤਿਪਾਲਣਾ ਕਰਦੇ ਹਨ ਜੋ ਉਨ੍ਹਾਂ ਦੇ ਲੜ ਲੱਗਾ ਹੋਇਆ ਹੋਵੇ। ਜਿਸਨੇ ਤਨ, ਮਨ ਅਤੇ ਧਨ ਸਤਿਗੁਰੂ ਦੇ ਹਵਾਲੇ ਕਰਕੇ ਉਸ ਦੇ ਹੁਕਮਾਂ ਦੀ ਤਾਮੀਲ ਕਰਨ ਦੀ ਪ੍ਰਤੀਗਿਆ ਕੀਤੀ ਹੋਈ ਹੋਵੇ, ਜੋ ਸਤਿਗੁਰੂ ਦਾ ਹੁਕਮੀ ਬੰਦਾ ਹੋਵੇ, ਹਾਂ ਜੀ ! ਜੋ ਸਚਿਆਰ ਸਿੱਖ ਹੋਵੇ।

ਪਿਆਰਿਓ ! ਜੇ ਤੁਸੀਂ ਹਾਲੇ ਤੀਕ ਅੰਮ੍ਰਿਤ ਨਹੀਂ ਛਕਿਆ, ਜੇ ਅੰਮ੍ਰਿਤ ਛਕ ਕੇ ਕੋਈ ਕੁਰਹਿਤ ਕਰ ਬੈਠੇ ਹੋ ਅਤੇ ਪਤਿਤ ਹੋ ਚੁੱਕੇ ਹੋ ਤਾਂ ਢਿੱਲ ਨਾ ਲਾਓ। ਇਕ ਦਮ ਗੁਰੂ ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਦੀ ਮਾਫੀ ਮੰਗੋ ਅਤੇ ਅੱਗੋਂ ਤੋਂ ਗੁਰ ਹੁਕਮਾਂ ਅੰਦਰ ਚਲਣ ਲਈ ਮੁੜ ਪ੍ਰਤੀਗਿਆ ਕਰੋ। ਸਤਿਗੁਰੂ ਤੋਂ ਬੇਮੁੱਖ ਹੋਇਆਂ ਲਈ ਗੁਰਬਾਣੀ ਇਉਂ ਸੰਕੇਤ ਦਿੰਦੀ ਹੈ :

ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ।
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।
(ਸਿਰੀ ਰਾਗ- ਮ: ੩, ਪੰਨਾ ੩੦)

*****

ਹਰਿ ਹਰਿ ਨਾਮੁ ਜਪਹੁ ਮਨ ਮੇਰੇ,
ਅਨਦਿਨੁ ਹਰਿ ਲਿਵ ਲਾਇ।।
ਜੋ ਇਛਹੁ ਸੋਈ ਫਲੁ ਪਾਵਹੁ,
ਫਿਰਿ ਭੂਖ ਨ ਲਾਗੈ ਆਇ।।
(ਪੰਨਾ ੩੬੮)

ਪੰਨਾ ੨ ਦਾ ਬਾਕੀ........

ਇਸ ਦਾ ਮਤਲਬ ਇਹ ਹੋਇਆ ਕਿ ਗੁਰੂ ਕਾ ਸਿਖ ਅੱਖਾਂ ਨਾਲ ਗੁਰੂ ਦੇ ਦਰਸ਼ਨ ਕਰਦਾ ਹੈ, ਆਪਣਾ ਮੱਥਾ ਗੁਰੂ ਚਰਨਾਂ ਵਿੱਚ ਧਰਦਾ ਹੈ, ਪੈਰਾਂ ਨਾਲ ਗੁਰੂ ਦੇ ਦੱਸੇ ਰਸਤੇ ਤੇ ਤੁਰਦਾ ਹੈ, ਹੱਥਾਂ ਨਾਲ ਸੰਗਤਿ ਨੂੰ ਪੱਖਾ ਝੱਲਦਾ ਹੈ, ਇੱਕ ਅਕਾਲ ਪੁਰਖ ਨੂੰ ਹਿਰਦੇ ਵਿੱਚ ਵਸਾ ਕੇ ਦਿਨ ਰਾਤ ਉਸ ਦਾ ਨਾਮ ਜਪਦਾ ਹੈ। ਇਸ ਤਰ੍ਹਾਂ ਸਮਰਥ ਗੁਰੂ ਤੇ ਸ਼ਰਧਾ ਰੱਖ ਕੇ ਆਪਣੀ ਅਪਣਤ (ਹਉਮੈ) ਦੂਰ ਕਰ ਲੈਂਦਾ ਹੈ।

ਗੁਰੂ ਦੀ ਮੱਤ (ਗੁਰਮਤਿ) ਅਪਨਾਉਣ ਅਤੇ ਮਨ ਦੀ ਮੱਤ (ਮਨਮਤਿ) ਛੱਡਣ ਨਾਲ ਕੀ ਲਾਭ ਹੁੰਦਾ ਹੈ ? ਪੰਚਮ ਪਾਤਸ਼ਾਹ ਫੁਰਮਾਉਂਦੇ ਹਨ –

"ਗੁਰ ਬਖਸ਼ਿਆ ਨਾਮੁ ਨਿਧਾਨ, ਸਭੋ ਦੁਖੁ ਲਥਾ।।"
(ਪੰਨਾ ੧੧੦੧)

ਸਮਰਥ ਗੁਰੂ ਨੇ ਨਾਮ-ਖਜਾਨਾ ਬਖਸ਼ ਦਿੱਤਾ, ਸਾਰਾ ਦੁੱਖ-ਕਲੇਸ਼ ਲਹਿ ਗਿਆ।

ਦੁੱਖਾਂ ਕਲੇਸ਼ਾਂ ਤੋਂ ਬਚੇ ਰਹਿਣ ਦਾ ਉਪਾਉ ਹੈ "ਸੁਆਸ ਸੁਆਸ ਨਾਮ ਸਿਮਰਨ" ਅਤੇ ਇਹ ਮਿਲਦਾ ਹੈ ਪ੍ਰਭੂ ਦੀ ਕ੍ਰਿਪਾ ਨਾਲ ਗੁਰੂ ਕੋਲੋਂ। ਸਤਿਗੁਰੂ ਗੁਰਸਿੱਖ ਨੂੰ ਨਾਮ ਦ੍ਰਿੜਾ ਕੇ ਗੁਰਮਤਿ ਗਾਡੀ ਰਾਹ ਤੇ ਪਾ ਦਿੰਦਾ ਹੈ। ਨਾਮ ਜਪਣ ਸਦਕਾ ਗੁਰਸਿਖ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ ਅਤੇ ਜੀਵਨ ਅਨੰਦਮਈ ਹੋ ਜਾਂਦਾ ਹੈ। ਅਸੀਂ ਅਨੰਦਮਈ ਜੀਵਨ ਹੀ ਤਾਂ ਚਾਹੁੰਦੇ ਹਾਂ, ਆਓ ਫੇਰ ਅਰਦਾਸ ਕਰੀਏ –

ਸਾਸਿ ਸਾਸਿ ਸਿਮਰਤ ਰਹਾ, ਨਾਨਕ ਦਾਨੁ ਪਾਏ।

*****



www.AKJ.Org

ਸੋਈ ਪਿਆਰੇ ਮੇਲ

# ਬੀਬੀ ਦਲਜੀਤ ਕੌਰ

## ਇਕ ਆਦਰਸ਼ਕ ਇਸਤਰੀ ਪ੍ਰਚਾਰਕ

(ਪ੍ਰਿੰ: ਗੁਰਮੁਖ ਸਿੰਘ, ਪਟਿਆਲਾ)

ਬੀਬੀ ਦਲਜੀਤ ਕੌਰ ਜੀ ਭਾਵੇਂ ਆਪਣੀ ਸੰਸਾਰ ਯਾਤਰਾ ਮਿਤੀ 29-12-94 ਨੂੰ ਸੰਪੂਰਨ ਕਰਕੇ ਗੁਰਪੁਰੀ ਜਾ ਸਿਧਾਰੇ ਹਨ ਪਰ ਉਨ੍ਹਾਂ ਦੇ ਸਮੁਚੇ ਜੀਵਨ ਤੇ ਝਾਤ ਮਾਰਿਆਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਕੋਈ ਵਿਅਕਤੀ ਪੁਰਸ਼ ਜਾਂ ਇਸਤਰੀ ਜੇ ਚਾਹੇ ਤਾਂ ਉਹ ਇਕ ਆਦਰਸ਼ਕ ਪ੍ਰਚਾਰਕ ਦੇ ਰੂਪ ਵਿੱਚ ਵਿਚਰ ਸਕਦਾ ਹੈ। ਉਸ ਨੂੰ ਕਿਸੇ ਸੰਸਥਾ ਵਲੋਂ ਮਾਨਤਾ ਦੀ ਉਡੀਕ ਨਹੀਂ ਹੁੰਦੀ, ਨਾ ਹੀ ਉਸ ਦੇ ਪ੍ਰਚਾਰ ਕਾਰਜਾਂ ਲਈ ਉਸ ਨੂੰ ਲੋਕਾਂ ਦੀ ਵਾਹ ਵਾਹ ਦੀ ਕੋਈ ਲੋੜ ਹੁੰਦੀ ਹੈ। ਉਸ ਅੰਦਰ ਸਚੀ ਗੁਰੂ-ਭਗਤੀ ਦੀ ਜਵਾਲਾ ਦੀ ਇਤਨੀ ਸ਼ਕਤੀ ਹੁੰਦੀ ਹੈ ਕਿ ਉਸ ਨੂੰ ਸਾਰੀ ਉਮਰ ਉਹ ਚੈਨ ਨਾਲ ਬੈਠਣ ਨਹੀਂ ਦੇਂਦੀ।

*ਸੀਨੇ ਖਿੱਚ ਜਿਨਾਂ ਨੇ ਖਾਧੀ ਉਹ ਕਰ ਆਰਾਮ ਨਹੀ ਬਹਿੰਦੇ।* (ਭਾਈ ਵੀਰ ਸਿੰਘ)

ਬੀਬੀ ਦਲਜੀਤ ਕੌਰ ਜੀ ਭੀ ਧੁਰੋਂ ਹੀ ਇਕ ਅਜਿਹੇ ਵਿਅਕਤੀ ਸਨ ਜਿਨ੍ਹਾਂ ਉਤੇ ਗੁਰੂ ਭਗਤੀ ਦੀ ਧੁਰੋਂ ਹੀ ਬਖਸ਼ਿਸ਼ ਹੋਈ। 1933 ਈ: ਵਿੱਚ ਆਪ ਦਾ ਜਨਮ ਦਰਿਆ ਜੇਹਲਮ ਦੇ ਕਿਨਾਰੇ ਖੁਸ਼ਾਬ ਨਗਰ (ਹੁਣ ਪਾਕਿਸਤਾਨ) ਵਿਖੇ ਡਾਕਟਰ ਸੁੰਦਰ ਸਿੰਘ ਦੇ ਘਰ ਹੋਇਆ। ਆਪ ਦੇ ਮਾਤਾ ਜੀ, ਬੀਬੀ ਹਰਨਾਮ ਕੌਰ ਜੀ ਸਨ। ਅੰਮ੍ਰਿਤਧਾਰੀ ਮਾਤਾ ਪਿਤਾ ਦੇ ਗੁਰਸਿਖੀ ਸੰਸਕਾਰ ਆਪ ਜੀ ਨੂੰ ਵਿਰਸੇ ਵਿਚ ਹੀ ਮਿਲੇ। 1947 ਈ: ਦੀ ਦੇਸ਼ ਵੰਡ ਤੋਂ ਬਾਅਦ ਇਹ ਪਰਿਵਾਰ ਸ੍ਰੀ ਅੰਮ੍ਰਿਤਸਰ ਆਇਆ ਤੇ ਪੂਰਬਲੇ ਸੰਜੋਗਾਂ ਅਨੁਸਾਰ ਆਪ ਦੀ ਸ਼ਾਦੀ ਭਾ: ਮਹਿਤਾਬ ਸਿੰਘ ਨਾਲ ਹੋਈ।

ਸ੍ਰੀ ਅੰਮ੍ਰਿਤਸਰ ਵਿਖੇ ਬੀਬੀ ਦਲਜੀਤ ਕੌਰ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਨੇ ਐਸੀ ਅਗੰਮੀ ਖਿੱਚ ਪਾਈ ਕਿ ਬਸ ਬੀਬੀ ਜੀ ਇਕ ਕਮਾਲ ਦੇ ਕੀਰਤਨੀਏ ਹੋ ਨਿਬੜੇ। 20 ਕੁ ਬਰਸ ਦੀ ਜਵਾਨ ਉਮਰ ਵਿੱਚ ਸੰਨ 1955 ਤੋਂ ਆਪ ਨੇ ਗੁਰਦੁਆਰਾ ਗੋਲ ਮਸਜਿਦ, ਸ਼ਹੀਦਪੁਰਾ ਵਿਖੇ ਕੀਰਤਨ ਕਰਨਾ ਆਰੰਭ ਕਰ ਦਿੱਤਾ। ਇਸੇ ਸਮੇਂ ਹੀ ਸ਼ਾਮ ਨੂੰ ਸ੍ਰੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਵਿਖੇ ਕਥਾ ਤੋਂ ਪਹਿਲਾਂ ਆਪ ਕੀਰਤਨ ਕਰਨ ਲੱਗ ਪਏ ਸਨ। ਇਹ ਸੇਵਾ ਸੰਨ 1960 ਤੱਕ ਨਿਸ਼ਕਾਮ ਰੂਪ ਵਿੱਚ ਚਲਦੀ ਰਹੀ। ਇਹ ਸੇਵਾ ਆਰੰਭ ਕਰਨ ਤੋਂ ਪਹਿਲਾਂ ਆਪ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਜੀਵਨ ਪ੍ਰਯੰਤ ਗੁਰੂ ਦੇ ਸਨਮੁਖ ਹੋ ਕੇ ਕੀਰਤਨ ਦੀ ਸੇਵਾ ਵਿਚ ਜੁਟੇ ਰਹੇ।

1950-60 ਦਾ ਦਹਾਕਾ ਪੰਜਾਬ ਦੇ ਸਿਆਸੀ ਮੰਚ ਉਤੇ ਬੜਾ ਸੰਘਰਸ਼ ਮਈ ਸੀ। ਸਿਖਾਂ ਨੂੰ ਪੰਜਾਬੀ ਸੂਬੇ ਦੀ ਮੰਗ ਲਈ ਅੰਦੋਲਨ ਕਰਨਾ ਤਾਂ ਇਕ ਪਾਸੇ ਰਿਹਾ, ਸਰਕਾਰ ਨੇ ਪੰਜਾਬੀ ਸੂਬੇ ਦੇ ਨਾਅਰੇ ਤੇ ਕਾਨੂੰਨੀ ਪਾਬੰਧੀ ਲਾ ਦਿੱਤੀ ਸੀ। ਅਜੇਹੇ ਸਮੇਂ ਨੌਜੁਆਨਾਂ ਵਿੱਚ ਅਜਿਹੇ ਅਨਿਆ ਵਿਰੁਧ ਜੋਸ਼ ਉਭਰਦਾ ਹੈ। ਉਪਰੋਂ ਸਿੱਖ ਲੀਡਰਾਂ ਦੇ ਧੂਆਂਧਾਰ ਭਾਸ਼ਨਾਂ ਨੇ ਬੀਬੀ ਦਲਜੀਤ ਕੌਰ ਨੂੰ ਭੀ ਹਲੂਣਿਆਂ। ਅਕਤੂਬਰ 1960 ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿੱਖ ਸੰਗਤਾਂ ਨੂੰ ਪੰਜਾਬੀ ਸੂਬੇ ਦੇ ਮੋਰਚੇ ਲਈ ਗ੍ਰਿਫਤਾਰੀ ਦੇਣ ਵਾਸਤੇ ਆਪ ਨੇ ਅਪੀਲ ਸੁਣੀ। ਗੁਰੂ ਭਗਤੀ ਨੇ ਗੁਰੂ ਦੀ ਕੌਮ ਲਈ ਇਸ ਨੂੰ ਇਕ ਸੁਨਿਹਰੀ ਮੌਕਾ ਸਮਝਿਆ। "ਪਤੀ ਦੇਵ ਨਾਲ ਕੀ ਸਲਾਹ ਕਰਨੀ ਹੈ, ਉਨ੍ਹਾਂ ਕੋਈ ਮੈਨੂੰ ਐਸੇ ਉਤਮ ਕਾਰਜ ਤੋਂ ਰੋਕਣੈ?" ਇਸ ਦਾ ਉੱਤਰ ਉਨ੍ਹਾਂ ਦੇ ਮਨ ਨੇ ਦਿਤਾ "ਪਤੀ ਦੇਵ ਸਗੋਂ ਖੁਸ਼ ਹੋਣਗੇ। ਉਹ ਇਸ ਨੂੰ ਇਕ ਸੱਚਾ ਸੌਦਾ ਕਰਕੇ ਜਾਨਣਗੇ।" ਬਸ ਫਿਰ ਕੀ ਸੀ, ਆਪ ਨੇ ਆਪਣਾ ਨਾਮ ਲਿਖਵਾ ਕੇ ਗ੍ਰਿਫਤਾਰੀ ਦੇ ਦਿੱਤੀ। ਢਾਈ ਮਹੀਨੇ ਕੈਦ ਦੀ ਸਜ਼ਾ ਹੋਈ। ਜਨਵਰੀ 1961 ਵਿਚ ਆਪ ਰਿਹਾ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਪੁੱਜੇ ਤਾਂ ਰਾਤ ਦੇ 11 ਵੱਜ ਚੁਕੇ ਸਨ। ਜਥੇਦਾਰ ਸਾਹਿਬ ਜਥੇ ਨੂੰ ਅਗਲਾ ਹੁਕਮ ਸੁਣਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਚਲਕੇ ਆਏ ਅਤੇ ਇਨ੍ਹਾਂ ਬੀਬੀਆਂ ਨੂੰ ਗੁਰੂ ਕੀਆਂ ਖੁਸ਼ੀਆਂ ਦੀ ਅਸੀਸ ਦੇ ਕੇ ਘਰੋਂ ਘਰੀਂ ਤੋਰਿਆ। ਸਾਡੇ ਲੀਡਰ ਸਿਆਸੀ ਮਨੋਰਥਾਂ ਲਈ ਧਰਮ ਨੂੰ ਵਰਤਦੇ ਆਏ ਹਨ ਅਤੇ ਗੁਰੂ ਦੀ ਭੈ ਭਾਵਨੀ ਵਾਲੇ ਭੌਰੇ ਹਮੇਸ਼ਾਂ ਧਰਮ ਲਈ ਕੁਰਬਾਨੀਆਂ ਕਰਦੇ ਆਏ ਹਨ। ਬੀਬੀ ਜੀ ਲਈ ਇਸ ਮੋਰਚੇ ਤੋਂ ਬਾਅਦ ਇਹ ਸੋਚਣ ਦਾ ਸਮਾਂ ਸੀ : ਕੀ ਹੁਣ ਗੁਰੂ ਭਗਤੀ ਵੱਲ ਪੂਰੀ ਲਗਣ ਨਾਲ ਕੰਮ ਕਰਨਾ ਹੈ



www.AKJ.Org

ਜਾਂ ਸਿੱਖ ਸਿਆਸਤ ਵਿੱਚ ਕੁਦ ਕੇ ਕੋਈ ਪਦ ਪਦਵੀ ਪ੍ਰਾਪਤੀ ਕਰਨੀ ਹੈ ?

ਅਕਾਲ ਪੁਰਖ ਵਲੋਂ ਬੀਬੀ ਜੀ ਨੂੰ ਪ੍ਰੇਰਨਾ ਹੋਈ ਕਿ ਬਾਕੀ ਦੀ ਉਮਰ ਧਰਮ ਪ੍ਰਚਾਰ ਲਈ ਲਗਾਉ। 1961 ਤੋਂ 1994 ਤਕ ਆਪ ਨੇ ਕੀਰਤਨ ਕਰਨਾ, ਕਥਾ ਕਰਨੀ ਅਤੇ ਇਸਤਰੀ ਸਤਸੰਗਾਂ ਵਿੱਚ ਹਾਜ਼ਰੀਆਂ ਭਰ ਕੇ ਅਨੇਕਾਂ ਬੀਬੀਆਂ ਨੂੰ ਆਪ ਨੇ ਕੀਰਤਨ ਸਿਖਾਇਆ। ਕਈਆਂ ਬੀਬੀਆਂ ਨੂੰ ਗੁਰਬਾਣੀ ਦਾ ਅਰਥ-ਬੋਧ ਕਰਕੇ ਅਖੰਡ ਪਾਠੀ ਵੀ ਬਣਾਇਆ। ਜਿਵੇਂ ਗੁਰਬਾਣੀ ਵਿਚ ਫੁਰਮਾਨ ਹੈ :"ਹਰਿ ਜਨ ਸਗਲ ਉਧਾਰੇ ਸੰਗ ਕੇ।।"

1974 ਦੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਸ਼ਤਾਬਦੀ ਕਮੇਟੀ ਵਲੋਂ ਉਲੀਕੇ ਗਏ ਪ੍ਰੋਗ੍ਰਾਮਾਂ ਵਿੱਚ ਆਪ ਨੇ ਵਧ ਚੜ੍ਹ ਕੇ ਹਿੱਸਾ ਲਿਆ, ਜਿਵੇਂ ਪਾਠ ਬੋਧ ਸਮਾਗਮ, ਦੇਸ਼ ਦੀਆਂ ਸਿੰਘ ਸਭਾਵਾਂ ਵਿਚ ਸ਼ਤਾਬਦੀ ਕਮੇਟੀ ਵਲੋਂ ਕਰਵਾਏ ਗਏ ਦੀਵਾਨਾਂ ਵਿਚ ਆਪ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਗੁਰਬਾਣੀ ਦੀ ਵਿਸ਼ੇਸ਼ ਖੋਜ ਲਈ ਆਪ ਭਾ: ਜੋਗਿੰਦਰ ਸਿੰਘ ਜੀ ਤਲਵਾੜਾ ਦੇ ਸੰਪਰਕ ਵਿਚ ਆਏ ਅਤੇ ਇੰਜ ਹੀ ਰੋਜ਼ਾਨਾ ਭਾਈ ਸਾਹਿਬ ਦੇ ਗੁਰਬਾਣੀ ਖੋਜ ਵਿਚਾਰ ਕੇਂਦਰ ਵਿੱਚ ਹਾਜ਼ਰੀ ਭਰਦੇ ਹੁੰਦੇ ਸਨ। ਆਪਨੇ ਲਗਾਤਾਰ ਭਾ: ਸਾਹਿਬ ਨਾਲ ਮਿਲਕੇ ਲਗਪਗ ਵੀਹ ਸਾਲ ਗੁਰਬਾਣੀ ਖੋਜ ਦੀ ਸੇਵਾ ਕੀਤੀ।

1974 ਵਿਚ ਆਪ ਜਦੋਂ ਸ੍ਰੀ ਪਟਨਾ ਸਾਹਿਬ ਦੀ ਦਰਸ਼ਨ ਯਾਤਰਾ ਕਰਨ ਗਏ ਤਾਂ ਆਪ ਨੇ ਉਸ ਸਮੇਂ ਦੇ ਹਜ਼ੂਰੀ ਰਾਗੀ ਭਾ: ਜੀਵਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਸੀਸ ਤੇ ਦਸਤਾਰਾ ਸਜਾ ਲਿਆ ਅਤੇ ਇਹ ਤੋੜ ਨਿਭਾਇਆ। ਨਿਤ ਅੰਮ੍ਰਿਤ ਵੇਲੇ ਉਠ ਜਾਂਦੇ ਅਤੇ ਗੁਰੂ ਦੀ ਦਸੀ ਕਾਰ ਕਮਾਉਂਦੇ। ਗੁਰਸਿਖਾਂ ਲਈ ਆਪ ਦੇ ਮਨ ਵਿੱਚ ਅਥਾਹ ਪਿਆਰ ਸੀ। ਉਨ੍ਹਾਂ ਦੀ ਹਰ ਪ੍ਰਕਾਰ ਦੀ ਸੇਵਾ ਦਾ ਆਪ ਅੰਦਰ ਸਦਾ ਚਾਉ ਬਣਿਆਂ ਰਹਿੰਦਾ ਸੀ। ਜੇ ਨਿਮਰਤਾ ਦੇ ਪਖੋਂ ਵੇਖੋਂ ਤਾਂ ਬੀਬੀ ਜੀ ਨੇ ਇਤਨੇ ਵਿਦਵਾਨ ਹੁੰਦੇ ਹੋਏ ਭੀ ਕਦੀ ਆਪਣਾ ਆਪ ਨਹੀਂ ਸੀ ਜਣਾਉਂਦੇ। ਜੇ ਉਨ੍ਹਾਂ ਦੇ ਕੀਰਤਨ ਦੀਆਂ ਪ੍ਰਾਪਤ ਟੇਪਾਂ (ਜੋ ਉਨ੍ਹਾਂ ਦੇ ਮਰਨ ਉਪਰੰਤ ਸਤਸੰਗੀਆਂ ਨੇ ਇਧਰੋਂ-ਉਧਰੋਂ ਕਢ ਕੇ ਤਿਆਰ ਕੀਤੀਆਂ) ਨੂੰ ਸੁਣੋਂ ਤਾਂ ਪਤਾ ਲਗਦਾ ਹੈ ਕਿ ਕਿਤਨੇ ਆਤਮ ਰੰਗਾਂ ਵਿੱਚ ਅਤੇ ਕਿਤਨੇ ਤੇਜ ਪਰਤਾਪੀ ਵਲਵਲੇ ਵਿੱਚ ਕੀਰਤਨ ਕਰਦੇ ਹੁੰਦੇ ਸਨ। ਹਮੇਸ਼ਾ ਆਪ ਕੀਰਤਨ ਕੰਠਾਗਰ ਹੀ ਕਰਦੇ ਸਨ। ਮਾਰੂ ਸੋਹਲੇ ਵਾਲੇ ਸੋਲਾਂ ਸੋਲਾਂ ਪਦਿਆਂ ਵਾਲੇ ਲੰਮੇ ਸ਼ਬਦਾਂ ਅਤੇ ਪੜਤਾਲ ਵਾਲੇ ਬਿਖਮਤਾਲ ਸ਼ਬਦਾਂ ਦਾ ਕੀਰਤਨ ਕੰਠਾਗਰ ਕਰਦੇ ਸਨ। ਕੀਰਤਨ ਵਿੱਚ ਜੋ ਸ਼ਬਦ ਬੀਬੀ ਜੀ ਬੜੇ ਤਰੰਗਾਂ ਵਿੱਚ ਗਾਉਂਦੇ ਸਨ ਉਹ ਅੰਮ੍ਰਿਤ ਕੀਰਤਨ ਵਰਗੀਆਂ ਪੋਥੀਆਂ ਵਿੱਚ ਭੀ ਨਹੀਂ ਸਨ ਹੁੰਦੇ। ਉਨ੍ਹਾਂ ਦੀ ਸ਼ਬਦ ਚੋਣ ਉਨ੍ਹਾਂ ਦੀ ਆਤਮਕ ਅਵਸਥਾ ਦੀ ਲਖਾਇਕ ਹੈ। ਵੈਰਾਗ, ਗੁਰਮੁਖ, ਮਨਮੁਖ, ਸਚੀ ਦਰਗਾਹ, ਅਨਹਦ ਸ਼ਬਦ ਵਰਗੇ ਵਿਸ਼ੇ ਆਪ ਦੇ ਅਤਿ ਪਿਆਰੇ ਵਿਸ਼ੇ ਸਨ।

ਅਖੰਡ ਪਾਠਾਂ ਸਮੇਂ ਬਾਣੀ ਦੇ ਚੰਗੇ ਅਭਿਆਸੀ ਹੋਣ ਕਾਰਨ ਆਪ ਦਾ ਪਾਠ ਜਿਥੇ ਚਲੰਤ ਹੁੰਦਾ ਸੀ ਉਥੇ ਲਗਮਾਤਰੀ ਨਿਯਮਾਂ ਅਨੁਸਾਰ ਸ਼ੁੱਧ ਅਤੇ ਸਪੱਸ਼ਟ ਭੀ ਹੁੰਦਾ ਸੀ।

ਆਦਰਸ਼ਕ ਸਿਖ ਪ੍ਰਚਾਰਕ ਅਨੇਕਾਂ ਹੋਏ ਹਨ, ਪਰ ਇਸਤਰੀ ਜਾਮੇ ਵਿਚ ਬੀਬੀ ਦਲਜੀਤ ਕੌਰ ਜੀ ਆਉਣ ਵਾਲੀ ਪੀੜ੍ਹੀ ਲਈ, ਖਾਸ ਕਰਕੇ ਪੜ੍ਹੀਆਂ ਲਿਖੀਆਂ ਨੌਜੁਆਨ ਲੜਕੀਆਂ ਲਈ ਇਕ ਚਾਨਣ ਮੁਨਾਰਾ ਸਨ। ਉਨ੍ਹਾਂ ਦੀ ਸਾਦਾ ਪੋਸ਼ਾਕ, ਬਿਲਕੁਲ ਸਾਦਾ ਜਿਹਾ ਜੀਵਨ, ਜਿਸ ਦਾ ਮਨੋਰਥ ਗੁਰ ਉਪਦੇਸ਼ਾਂ ਦਾ ਸੰਦੇਸ਼ ਘਰ ਘਰ ਦੇਣਾ ਸੀ। ਉਨ੍ਹਾਂ ਦੀ ਵਿਦਵਤਾ ਅਤੇ ਨਿਮਰਤਾ ਅਜਿਹੇ ਗੁਣ ਸਨ ਜੋ ਇਕ ਚੰਗੇ ਪ੍ਰਚਾਰਕ ਵਿੱਚ ਹੋਣੇ ਚਾਹੀਦੇ ਹਨ। ਆਪ ਸਿਖ ਪੰਥ ਦੇ ਇਕ ਅਨਮੋਲ ਵਿਅਕਤੀ ਸਨ ਜੋ ਹੁਣ ਗੁਰਚਰਨਾਂ ਵਿੱਚ ਜਾ ਬਿਰਾਜੇ ਹਨ ਅਤੇ ਸਾਡੇ ਲਈ ਗੁਰਭਗਤੀ ਦਾ ਆਦਰਸ਼ ਉਜਾਗਰ ਕਰ ਗਏ ਹਨ। ਸਤਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

*****

ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਸਾਹਿਬਾਨ ਦਾ ਆਤਮਕ ਸਰੂਪ, ਉਸਨ-ਸੀਤ ਅਤੇ ਖੁਧਿਆ-ਤ੍ਰਿਖਾ ਤੋਂ ਨਿਰਾਲਮ ਤੇ ਨਿਰਲੇਪ ਹੈ। ਇਸ ਕਰਕੇ ਗੁਰੂ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੁਨਾਲੇ ਸਿਆਲੇ ਦੇ ਖਿਆਲ ਅਨੁਸਾਰ ਬਸਤਰ ਉਢਾਵਣੇ ਅਤੇ ਭੋਗ ਲੁਆਉਣਾ ਇਹ ਨਿਰੀ ਆਨਮਤੀਆਂ ਵਾਲੀ ਕਿਰਿਆ ਹੈ।

(ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਪ੍ਰਕਾਸ਼" ਵਿਚੋਂ)


www.AKJ.Org

# ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ

(ਪ੍ਰਿੰ: ਸਜਣ ਸਿੰਘ ਜੀ)

ਮੈਂ ਬਲਿ ਬਲਿ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ ਐਸੇ ਸਤਿਗੁਰ ਤੋਂ ਜਿਨ੍ਹਾਂ ਦੀ ਸਿਰਜਨਾ ਤੇ ਸੰਭਾਲ ਸਿਰਜਨਹਾਰ ਨਿਰੰਕਾਰ ਨੇ ਆਪ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਿਮਾ ਕੀਤਾ ਤੇ ਅਥਾਹ ਬਖਸ਼ਸ਼ ਕੀਤੀ, ਜਿਸ ਦੇ ਸਦਕੇ ਸਤਾ ਬਲਵੰਡ ਦਾ ਹਿਰਦਾ ਗਿਆਨ ਦੀਆਂ ਰਿਸ਼ਮਾਂ ਨਾਲ ਰੁਸ਼ਨਾਇਆ ਗਿਆ ਤੇ ਉਨ੍ਹਾਂ ਦੀ ਦ੍ਰਿਸ਼ਟੀ ਨੇ ਤੱਕਿਆ ਕਿ ਅਕਾਲ ਪੁਰਖ ਨੇ ਮਾਂ ਬਾਪ ਦੇ ਪਿਆਰ ਤੋਂ ਮਹਿਰੂਮ ਪਰ ਹੋਨਹਾਰ ਬਾਲਕ (ਗੁਰੂ) ਰਾਮਦਾਸ ਨੂੰ ਨਾ ਕੇਵਲ ਸਰੀਰਕ ਤੌਰ ਤੇ ਸੁੰਦਰ, ਸੁਡੌਲ ਤੇ ਨਿਸ਼ਕਾਮ ਸੇਵਕ ਬਣਾਇਆ ਬਲਕਿ ਸ੍ਰੇਸ਼ਟ ਆਤਮਕ ਗੁਣਾਂ ਨਾਲ ਭੀ ਏਨਾ ਸੁਆਰਿਆ ਤੇ ਸ਼ਿੰਗਾਰਿਆ ਕਿ ਉਹ ਨਾਨਕ ਦੀ ਅਬਿਚਲੀ ਜੋਤਿ ਨਾਲ ਅਭੇਦ ਹੋ ਗਏ। ਅਕਾਲ ਪੁਰਖ ਦੀ ਕਰਾਮਾਤ ਦੀ ਛੂਹ ਪੂਰਨਤਾ ਤਕ ਪਹੁੰਚ ਗਈ ਤੇ ਸਿਰਜਨਹਾਰ ਨੇ ਆਪਣੀ ਅਕਾਲੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ ਦੇ ਨਿਰਮਲ ਹਿਰਦੇ ਵਿੱਚ ਟਿਕਾ ਦਿੱਤੀ।

ਇਸ ਤੱਥ ਦੀ ਪੁਸ਼ਟੀ ਸਿਦਕ ਵਿੱਚ ਭਿੱਜੇ ਭੱਟਾਂ ਨੇ ਵੀ ਕੀਤੀ ਹੈ। 'ਜਿਸ ਸਤਿਗੁਰ ਦੇ ਸਿਮਰਿਆਂ ਆਤਮਕ ਨੇਤਰਾਂ ਦੀ ਅਗਿਆਨਤਾ ਦੂਰ ਹੁੰਦੀ ਹੈ, ਹਿਰਦੇ ਵਿੱਚ ਨਾਮ ਦਾ ਉਤਸ਼ਾਹ ਠਾਠਾਂ ਮਾਰਦਾ ਹੈ, ਮਾਇਆ ਤੇ ਵਾਸ਼ਨਾਵਾਂ ਦੀ ਤਪਸ਼ ਕਾਫੂਰ ਹੁੰਦੀ ਹੈ, ਰਿੱਧੀਆਂ ਸਿੱਧੀਆਂ ਦੇ ਖਜ਼ਾਨੇ ਪ੍ਰਾਪਤ ਹੁੰਦੇ ਹਨ ਅਤੇ ਜਿਸ ਦੀ ਪਾਵਨ ਛੂਹ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਸਦਾ ਹਿਰਦੇ ਵਿਚ ਵਸਾਓ ਤੇ ਸੰਗਤ ਵਿਚ ਸ਼ਾਮਲ ਹੋ ਕੇ ਗੁਣ ਗਾਵਹੁ ਤੇ ਧੰਨ ਧੰਨ ਕਰਹੁ।'

**ਸੋਈ ਰਾਮਦਾਸੁ ਗੁਰੁ ਬਲ ਭਣਿ ਮਿਲਿ ਸੰਗਤਿ ਧੰਨ ਧੰਨ ਕਰਹੁ।।**
**ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ।।**
(੧੪੦੫)

ਗੁਰਦੇਵ ਜੀ ਨੇ ਰਾਮਦਾਸ ਪੁਰ (ਅੰਮ੍ਰਿਤਸਰ) ਵਸਾਇਆ, ਸ਼ਹਿਰ ਵਿੱਚ ਚਹਿਲ ਪਹਿਲ ਹੋ ਗਈ। ਅਠਸਠਿ ਤੀਰਥਾਂ ਦਾ ਸਾਰ, ਦੁਰਮਤਿ ਮੈਲ ਉਤਾਰਨਹਾਰ, ਰਾਮਦਾਸ ਸਰੋਵਰ ਦੀ ਉਸਾਰੀ ਕੀਤੀ ਤੇ ਇਹ ਨਿਰਮਲ ਜਲ ਦਾ ਅੰਮ੍ਰਿਤ ਸਰੋਵਰ ਸਮੁੱਚੇ ਜਗਤ ਲਈ ਮਹਾਨ ਤੀਰਥ ਸਥਾਨ ਬਣ ਗਿਆ। ਨਾਮ ਬਾਣੀ ਦੀ ਬਰਖਾ ਨੇ ਸੁੱਕੇ, ਮਲੀਨ, ਤੱਪਦੇ, ਭੁੱਜਦੇ ਕਲਪਦੇ ਮਨ, ਹਰੇ ਭਰੇ, ਪਵਿੱਤਰ ਹਿਰਦਿਆਂ ਵਿੱਚ ਬਦਲ ਦਿੱਤੇ। ਹਜ਼ੂਰ ਦੀ ਉਸਤਤਿ ਨੇ, ਮਹਿਮਾਂ ਨੇ ਸੰਸਾਰ ਨੂੰ ਆਪਣੇ ਵਿਸ਼ਾਲ ਘੇਰੇ ਵਿੱਚ ਲੈ ਲਿਆ। ਗੁਰਪਦਵੀ ਦੀ ਜ਼ੁਮੇਵਾਰੀ ਤੇ ਅੰਮ੍ਰਿਤ ਦੀ ਵਰਖਾ ਦੀ ਦਾਤ ਤਾਂ ਪੁਰਖ ਵਿਧਾਤਾ ਨੇ ਪਹਿਲਾਂ ਹੀ ਪਰਦਾਨ ਕੀਤੀ ਹੋਈ ਸੀ। ਸੰਜੋਗ, ਮਿਲਾਪ, ਸੇਵਾ, ਪ੍ਰੀਖਿਆ, ਪ੍ਰਸੰਨਤਾ ਤੇ ਬਖਸ਼ਸ਼ ਦੀਆਂ ਘਟਨਾਵਾਂ ਸਹਿਜ ਸੁਭਾਉ ਹੀ ਵਾਪਰੀਆਂ ਸਨ। ਕਲ੍ਹ ਭੱਟ ਦੇ ਅਮੋਲਕ ਬਚਨ ਹਨ।

**ਸਤਿਗੁਰ ਪ੍ਰਮਾਣੁ ਬਿਧਨੈ ਸਿਰਿਉ ਜਗਿ ਜਸ ਤੂਰ ਬਜਾਇਅਉ।।**
**ਗੁਰ ਰਾਮਦਾਸ ਕਲ੍ਹਚਰੈ ਤੈ ਅਭੈ ਅਮਰਪਦੁ ਪਾਇਅਉ।।**
(ਸਵਈਏ ਮਹਲੇ ਚਉਥੇ ਕੇ ੪-(੧੩੯੭)

ਗੁਰਦੇਵ ਦੇ ਬਚਨਾਂ ਵਿੱਚ ਕਮਾਲ ਦੀ ਨਿਮਰਤਾ ਹੈ ਪਰ ਹਕੀਕਤ ਭਰੀ, ਭਾਣੇ ਅਨੁਸਾਰ ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ, ਤੇ ਦਰਗਾਹ ਵਿੱਚ ਮੁੱਖ ਉੱਜਲਾ ਕਰਨ ਲਈ ਸਤਿਗੁਰੂ ਨੂੰ ਵਕੀਲ ਬਣਾਇਆ, ਵਿਚੋਲਾ ਜਾਣਿਆ। ਬਾਕੀ ਕਰਮ, ਧਰਮ, ਮਨ, ਬਚਨ ਤੇ ਹਿਰਦੇ ਵਿਚ ਜੋ ਤਬਦੀਲੀ ਹੋਈ, ਸੁਧਾਰ ਹੋਇਆ ਹੈ, ਸ਼ੁੱਧਤਾ ਹੋਈ ਹੈ, ਨਾਮ ਦਾ ਪ੍ਰਕਾਸ਼ ਹੋਇਆ ਹੈ, ਉਹ ਅਕਾਲ ਪੁਰਖ ਦੀ ਆਪਣੀ ਕ੍ਰਿਪਾ ਦਾ ਸਿੱਟਾ ਹੈ ਨਾ ਕਿ ਆਪਣੀ ਸੇਵਾ ਤੇ ਕਮਾਈ ਦਾ ਫਲ। ਗੁਰ ਫੁਰਮਾਨ ਹੈ -

**ਨਟ ਨਾਰਾਇਨ ਮਹਲਾ ੪ ਪੜਤਾਲ।।**
**ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ**
**ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ।।**
**ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹ ਆਇਓ ਹਮ ਹਰਿ ਕੀ ਗੁਰ ਕੀਈ ਹੈ ਬਸੀਠੀ ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ।।** (੯੭੭)

ਗੁਰਦੇਵ ਜੀ ਦੇ ਜੀਵਨ ਵਿੱਚ ਵਿਲੱਖਣ ਪਰੀਵਰਤਣ ਹੋਇਆ। ਇਕ ਸਾਧਾਰਨ ਜੀਵ ਤੋਂ ਸੁਲਤਾਨ ਬਣ ਗਏ ਤੇ ਸੋਢੀ ਸੁਲਤਾਨ ਦੇ ਨਾਮ ਨਾਲ ਸੁਸ਼ੋਭਤ ਹੋਏ। ਕਿਸ ਸਥਿਤੀ ਤੋਂ ਉਠੇ, ਇਸ ਬਾਰੇ ਅਸੀਂ ਏਨਾ ਹੀ ਕਹਿ ਸਕਦੇ ਹਾਂ ਕਿ ਉਨ੍ਹਾਂ ਨੂੰ ਮਾਪਿਆਂ ਦਾ ਪਿਆਰ ਨਹੀਂ ਮਿਲਿਆ ਤੇ ਛੋਟੀ ਉਮਰ ਵਿੱਚ ਹੀ ਛੋਟੇ ਭੈਣ, ਭਰਾ ਦੀ ਪਾਲਣਾ ਦਾ ਭਾਰ ਉਨ੍ਹਾਂ ਦੇ ਸਿਰ ਤੇ ਪੈ ਗਿਆ, ਇਸ ਤੋਂ ਵੱਧ ਨਹੀਂ। ਯਤੀਮ ਕਹਿਣਾ, ਗੁਸਤਾਖੀ ਤੇ ਸਤਿਕਾਰ-ਹੀਨਤਾ ਹੈ ਕਿਉਂਕਿ ਵਿਧਾਤਾ ਨੇ ਪਹਿਲਾਂ ਹੀ, ਉਨ੍ਹਾਂ ਦੇ ਸਿਰ ਤੇ ਪਾਤਸ਼ਾਹੀ ਛੱਤਰ ਝੁਲਾਉਣ ਦਾ ਫੁਰਮਾਨ ਲਿਖਿਆ ਹੋਇਆ ਸੀ। ਉਨ੍ਹਾਂ ਦੇ ਆਪਣੇ ਬਚਨ ਹਨ:-

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ।।**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।।**
**ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ**
**ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ।।**
(ਗਉੜੀ ਬੈਰਾਗਣਿ ਮਹਲਾ ੪ - ੧੬੭)



www.AKJ.Org

ਗੁਰ ਸਤਿਗੁਰ ਦੀ ਕ੍ਰਿਪਾ ਕਟਾਖਸ਼ ਦਾ ਮੂਲਾਂਕਣ ਕਰਨ ਲਈ ਅਪਾਰ, ਅਸੀਮ, ਅਤੁੱਲ, ਅਮੁੱਲ ਜੈਸੇ ਸ਼ਬਦ ਵੀ ਇਨਸਾਫ਼ ਨਹੀਂ ਕਰਦੇ। ਇਕ ਕੀਟ ਨੂੰ ਪਾਤਸ਼ਾਹੀ ਬਖਸ਼ਣ ਦੀ ਸਮਰਥਾ ਕੇਵਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ਼ੋਭਦੀ ਹੈ। ਇਸ ਦਾਤ ਦੀ ਪ੍ਰਾਪਤੀ ਤੇ ਅਭੇਦਤਾ ਦੇ ਪਿਛੋਕੜ ਬਾਰੇ ਗੁਰਦੇਵ ਜੀ ਫ਼ੁਰਮਾਉਂਦੇ ਹਨ ਕਿ ਅਕਾਲ ਪੁਰਖ ਨੇ ਸਾਡੀ ਜੋਦੜੀ ਕਬੂਲ ਕੀਤੀ, ਸੱਚੇ ਗੁਰੂ ਨਾਲ ਮੇਲ ਕਰਾਇਆ, ਅਸੀਂ ਤਾਂ ਥੋੜ੍ਹੀ ਮਤਿ ਵਾਲੇ, ਇਆਣੇ ਤੇ ਬੇਸਮਝ ਸਾਂ ਪਰ ਪ੍ਰਭੂ ਨੇ ਏਨਾ ਸਿਦਕ, ਭਰੋਸਾ ਦਿੱਤਾ ਕਿ ਅਸੀਂ ਸਤਿਗੁਰੂ ਦੀ ਸੇਵਾ ਪਾਰਬ੍ਰਹਮ ਦਾ ਰੂਪ ਜਾਣ ਕੇ ਕੀਤੀ ਜਿਸ ਦੇ ਫਲ ਸਰੂਪ ਪ੍ਰਭੂ ਪ੍ਰਾਪਤੀ ਤੇ ਇਕਮਿਕਤਾ ਮਿਲੀ।

ਗਉੜੀ ਪੂਰਬੀ ਮ: ੪॥
ਤੁਮ ਦਇਆਲ ਸਰਬ ਦੁਖ ਭੰਜਨੁ
ਇਕ ਬਿਨਉ ਸੁਨਹੁ ਦੇ ਕਾਨੇ॥
ਜਿਸ ਤੇ ਤੁਮ ਹਰਿ ਜਾਨੇ ਸੁਆਮੀ
ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ॥
ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੇ ਬਚਨਿ ਹਰਿ ਹਮ ਜਾਨੇ॥(੧੬੯)

ਸ੍ਰੀ ਗੁਰੂ ਰਾਮਦਾਸ ਜੀ ਨੇ ਉਨਾਂ ਰੱਬੀ ਗੁਣਾਂ ਦਾ ਬਹੁਤ ਬਾਰ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਅਪਨਾਉਣ ਨਾਲ, ਧਾਰਨ ਕਰਨ ਤੇ ਕਮਾਉਣ ਨਾਲ ਸਤਿਗੁਰੂ ਤ੍ਰੁੱਠਦਾ ਹੈ, ਮਿਹਰ ਦੇ ਘਰ ਆਉਂਦਾ ਹੈ। ਆਤਮ-ਸਮਰਪਨ, ਨਿਮਰਤਾ, ਸਿਦਕ, ਭਰੋਸਾ, ਪਿਆਰ, ਸਤਿਕਾਰ ਤੇ ਕਾਮਨਾ-ਰਹਿਤ ਸੇਵਾ ਦੇ ਉਪਦੇਸ਼ ਦੀ ਝਲਕ ਹਜ਼ੂਰ ਦੀ ਬਾਣੀ ਵਿਚੋਂ ਪ੍ਰਤੱਖ ਦਿਖਾਈ ਦਿੰਦੀ ਹੈ। ਆਪ ਜੀ ਦੀ ਨਿਸ਼ਕਾਮ ਸੇਵਾ ਲੋਕਾਚਾਰੀ, ਰਿਸ਼ਤੇਦਾਰੀ, ਸੰਸਾਰਕ ਮੰਗਾਂ ਤੇ ਆਸਾ ਮਨਸਾ ਦੀ ਰੁਕਾਵਟ ਤੋਂ ਨਿਰਲੇਪ ਰਹੀ। ਵਾਸਤਵ ਵਿੱਚ ਆਪ ਸੇਵਾ ਵਿਚ ਅਜਿਹੇ ਲੀਨ ਹੋਏ ਕਿ ਅਕਾਵਟ, ਥਕਾਵਟ, ਭਟਕਣ, ਆਲਸ ਤੇ ਸ਼ਿਕਵੇ, ਸਭ ਗਾਇਬ ਹੋ ਗਏ, ਆਪਾ ਪਰ ਕਾ ਮਿਟ ਗਿਆ, ਮੇਰ ਤੇਰ ਦੀ ਭਾਵਨਾ ਉੱਡ ਗਈ। ਆਪਣਾ ਸਰੀਰ ਬੇਚ ਦਿੱਤਾ, ਉਹ ਵੀ ਬੈਅ ਕਰਕੇ, ਕਿ ਦੁਬਾਰਾ ਵਾਪਸ ਲੈਣ ਦੀ ਚਾਹ ਹੀ ਉਤਪੰਨ ਨਾ ਹੋਵੇ। ਗੁਰਦੇਵ ਫੁਰਮਾਉਂਦੇ ਹਨ -

ਗਉੜੀ ਪੂਰਬੀ ਮਹਲਾ ੪॥
ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ
ਪੂਰੇ ਗੁਰ ਕੈ ਆਗੇ॥
ਸਤਿਗੁਰ ਦਾਤੈ ਨਾਮੁ ਦ੍ਰਿੜਾਇਆ
ਮੁਖਿ ਮਸਤਕਿ ਭਾਗ ਸਭਾਗੇ॥ (੧੭੧)

ਸਿਦਕੀ ਸੇਵਕ ਦੀ ਸੇਵਾ ਸਫ਼ਲ ਹੋ ਗਈ। ਸਤਿਗੁਰੂ ਨੇ ਨਾਮ ਦ੍ਰਿੜਾਇਆ ਤੇ ਕਾਇਆ ਕੰਚਨ ਸੁਵੰਨੀ ਕਰ ਦਿੱਤੀ। ਵੱਡੇ ਦੀ ਦਾਤ ਵੱਡੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦਾਤਿ ਅਟੱਲ, ਅਮਰ ਗੁਰ ਪਦਵੀ ਸੀ, ਜਿਹੜੀ ਦੂਸਰੇ ਤੇ ਤੀਸਰੇ ਨਾਨਕ ਤੋਂ ਹੁੰਦੀ ਹੋਈ ਚੌਥੇ ਸਤਿਗੁਰ ਧੰਨ ਧੰਨ ਸਤਿਗੁਰ ਰਾਮਦਾਸ ਜੀ ਨੂੰ ਪ੍ਰਾਪਤ ਹੋਈ।

ਨਾਨਕ ਪ੍ਰਸਾਦਿ ਅੰਗਦ ਸੁਮਤਿ,
ਗੁਰਿ ਅਮਰਿ ਅਮਰੁ ਵਰਤਾਇਓ॥
ਗੁਰ ਰਾਮਦਾਸ ਕਲ੍ਯੁਚਰੈ ਤੈ
ਅਟਲ ਅਮਰ ਪਦੁ ਪਾਇਓ॥ (੧੩੯੭)

ਇਸ ਦਾਤ ਪ੍ਰਾਪਤੀ ਤੋਂ ਪਹਿਲਾਂ ਬੇਅੰਤ, ਅਥਾਹ ਘਾਲਣਾ ਕੀਤੀ। ਸੇਵਾ ਹੀ ਰਹਿ ਗਈ, ਆਪਣੀ ਹੋਂਦ ਮੁੱਕ ਗਈ। ਮਾਇਆ ਤੇ ਮਾਇਆ ਦੀ ਪਕੜ ਤੋਂ ਸੁਤੰਤਰ ਰਹੇ। ਸੁਰਤਿ, ਮਤਿ, ਚਤਰਾਈ, ਬੁੱਧੀ ਤੇ ਸਿਆਣਪ ਹੁੰਦਿਆਂ ਵੀ ਦਿਖਾਵਾ ਨਹੀਂ ਕੀਤਾ, ਅੰਦਰਹੁ ਸਿਆਣਾ ਤੇ ਬਾਹਰਹੁ ਭੋਲਾ ਬਣ ਕੇ ਗੁਰ ਸਿਖੀ ਨਿਭਾਈ। ਸਮਰਥਾ ਹੁੰਦਿਆਂ ਵੀ ਨਿਤਾਣੇ ਰਹੇ, ਤੇ ਸਭ ਕਿਛੁ ਵੰਡ ਦਿੱਤਾ। ਬਾਬਾ ਫਰੀਦ ਜੀ ਦੇ ਅਮੋਲਕ ਬਚਨ ਸੱਚੇ ਭਗਤ ਦੇ ਗੁਣਾਂ ਨੂੰ ਪ੍ਰਗਟਾਉਂਦੇ ਹਨ -

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ
॥੧੨੮॥ (੧੩੮੪)

ਹੁਣ ਆਪ ਜੀ ਪਾਸ ਕੁਝ ਵੀ ਨਹੀਂ ਰਹਿਆ। ਰਿਦਾ, ਕੋਰਾ ਚਿੱਟਾ ਤੇ ਨਿਰਮਲ ਹੋ ਗਿਆ। ਐਸੀ ਬਿਵਸਥਾ ਹੋ ਗਈ ਜਿਵੇਂ ਧੋਤਾ ਹੋਇਆ ਖਾਲੀ ਭਾਂਡਾ ਨਿਰੰਕਾਰੀ ਜੋਤਿ ਨੂੰ ਸਮਾਉਣ ਦੇ ਯੋਗ ਹੋ ਗਿਆ ਹੋਵੇ। ਇਸ ਦੇ ਇਲਾਵਾ ਬੀਬੀ ਭਾਨੀ ਦੀ ਨਿਸ਼ਕਾਮ ਸੇਵਾ ਤੇ ਅਥਾਹ ਪਿਆਰ ਤੋਂ ਪਿਤਾ ਜੀ ਪਹਿਲਾਂ ਹੀ ਬਹੁਤ ਪ੍ਰਸੰਨ ਸਨ। ਏਨਾ ਕੁਝ ਹੁੰਦਿਆਂ ਵੀ ਇੱਕ ਭੇਦ ਭਰੀ ਗੱਲ ਸੀ ਜਿਸ ਦਾ ਗਿਆਨ ਕਰਤੇ ਨੂੰ ਜਾਂ ਗੁਰ ਸੂਰੇ ਨੂੰ ਸੀ। ਜੇ ਕਿਸੇ ਬੰਦੇ ਨੂੰ ਪਤਾ ਚਲ ਜਾਂਦਾ ਤਾਂ ਉਸ ਨੇ ਅਵੱਸ਼ ਕਹਿਣਾ ਸੀ ਕਿ ਇਸ ਹਾਲਤ ਵਿੱਚ ਗੁਰ ਚੇਲੇ ਦੀ ਇਕਮਿਕਤਾ ਹੋਣੀ ਕਠਨ ਹੈ।

ਪੂਰੇ ਸਤਿਗੁਰੂ ਜਾਣਦੇ ਸਨ ਕਿ (ਗੁਰੂ) ਰਾਮਦਾਸ ਦੇ ਸਰੀਰ-ਰੂਪ ਭਾਂਡੇ ਵਿੱਚ ਸੁਆਸਾਂ ਦੀ ਪੂੰਜੀ ਮੁੱਕਣ ਵਾਲੀ ਹੈ ਤੇ ਹੁਣ ਗਿਣਤੀ ਦੇ ਤਿਲ ਰਹਿ ਗਏ ਹਨ। ਪਰ ਆਪ ਜੀ ਨੇ ਸੋਢੀਆਂ ਨੂੰ ਗੱਦੀ ਦੇਣੀ ਸੀ ਤੇ ਅਜਰ ਵਸਤੂ ਜਰਾਉਣੀ ਸੀ, ਸੋ ਹਜ਼ੂਰ ਨੇ ਵਿਧਾਤੇ ਦਾ ਕਾਰਜ ਆਪ ਨਿਭਾਇਆ ਤੇ ਆਪਣੀ ਆਯੂ ਦੇ ਲੱਗ ਭੱਗ ਸਤ ਸਾਲ (ਗੁਰੂ) ਰਾਮਦਾਸ ਜੀ ਨੂੰ ਦਿੱਤੇ ਤੇ ਗੁਰਗੱਦੀ ਬਖਸ਼ਸ਼ ਕੀਤੀ। ਇਉਂ ਗੁਰੂ ਨਾਨਕ ਦੀ ਨੂਰਾਨੀ ਜੋਤਿ ਆਪਣੇ ਸੇਵਕ ਦੇ ਹਿਰਦੇ ਵਿਚ ਟਿਕਾ ਕੇ ਇਕ ਰੂਪ ਹੋ ਗਏ। ਇਹ ਸੀ ਪਰਤੱਖ ਰੂਪ-ਅਕਾਲ ਪੁਰਖ ਦੀ ਪੂਰਨ ਕਰਾਮਾਤ ਕਾ।

ਇਕ ਸਮਾਂ ਸੀ ਕਿ ਸ਼ਰੀਕਾ ਮਿਹਣੇ ਮਾਰਦਾ ਸੀ,


www.AKJ.Org

ਉੱਚੀ ਸ਼੍ਰੇਸਟ ਸੋਢੀ ਕੁਲ ਦਾ ਸੀ ਨਾ। ਉਨਾਂ ਦੀ ਸੋਚਣੀ ਅਨੁਸਾਰ (ਗੁਰੂ) ਰਾਮਦਾਸ ਜੀ ਦੇ ਆਪਣੇ ਸਹੁਰਿਆਂ ਘਰ ਰਹਿਣ ਤੇ ਸਰੀਰਕ ਸੇਵਾ ਕਰਨ ਨਾਲ ਸਾਡੀ ਕੁਲ ਨੂੰ ਲਾਜ ਲੱਗਦੀ ਹੈ। ਪਰ ਭੋਲੇ ਭਾਲੇ ਅਗਿਆਨੀਆਂ ਨੂੰ ਕੀ ਪਤਾ ਸੀ ਕਿ ਇਸੇ ਹੀ ਕੁਲ ਦੀ ਰੌਸ਼ਨੀ ਨੇ ਸਾਰੇ ਸੰਸਾਰ ਨੂੰ ਸੱਚ ਦਾ ਮਾਰਗ ਦਰਸਾ ਕੇ ਭਵਸਾਗਰ ਤੋਂ ਪਾਰ ਕਰਨਾ ਹੈ। ਉਨ੍ਹਾਂ ਤੋਂ ਸਤਿਗੁਰੂ ਦੀ ਉੱਚ ਵਡਿਆਈ ਤੇ ਸੇਵਕ ਦੀ ਅਣਥੱਕ ਸੇਵ ਕਮਾਈ ਦੀ ਗੁਹਜ ਕਲਾ ਸਮਝੀ ਨ ਗਈ। ਇਸ ਪ੍ਰਤੀ ਭੱਟਾਂ ਦੇ ਬਚਨ ਹਨ –

**ਗੁਰ ਅਮਰਦਾਸ ਕੀ ਅਕਥ ਕਥਾ ਹੈ**
**ਇਕ ਜੀਹ ਕਛੁ ਕਹੀ ਨ ਜਾਈ।।**
**ਸੋਢੀ ਸ੍ਰਿਸਟਿ ਸਕਲ ਤਾਰਣ ਕਉ**
**ਅਬ ਗੁਰ ਰਾਮਦਾਸ ਕਉ ਮਿਲੀ ਬਡਾਈ।।੩।।** (੧੪੦੬)

ਪਿਤਾ ਗੁਰਦੇਵ ਜੀ ਨੇ ਐਸੀ ਮਿਹਰਾਮਤਿ ਕੀਤੀ ਕਿ ਏਕ ਜੋਤਿ ਦੁਇ ਮੂਰਤੀ ਦੀ ਕਲਾ ਵਰਤ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿੱਚ ਜੋਤਿ ਦੀ ਚਮਕ ਦਮਕ ਫੈਲ ਗਈ। ਪਾਵਨ ਮੁਖਾਰਬਿੰਦ ਰਾਹੀਂ ਗੁਰਬਾਣੀ ਦੀ ਅੰਮ੍ਰਿਤ ਧਾਰਾ ਨੇ ਚਸ਼ਮੇ ਵਾਂਗਰ ਵਹਿਣਾ ਸ਼ੁਰੂ ਕੀਤਾ। ਇਉਂ ਗੁਰਸਿਖੀ ਦੀ ਪਨੀਰੀ ਪ੍ਰਫੁੱਲਤ ਹੋ ਕੇ ਗੁਣਾਂ ਤੇ ਆਕਾਰ ਵਿੱਚ ਫੈਲਣ ਲੱਗੀ। ਆਪ ਜੀ ਦਾ ਰਚਿਆ ਰਾਮਦਾਸ ਸਰੋਵਰ, ਕਿਲਬਿਖ ਪਾਪਾਂ ਨੂੰ ਖੰਡਣ, ਕਸ਼ਟ ਕਲੇਸ਼ ਨਿਵਾਰਨ, ਸਰੀਰਕ ਤੇ ਮਾਨਸਕ ਰੋਗਾਂ ਤੋਂ ਮੁਕਤ ਕਰਾਉਣ ਤੇ ਔਖੀ ਘੜੀ ਵਿੱਚ ਉੱਦਮ, ਉਤਸ਼ਾਹ ਪਰਦਾਨ ਕਰਨ ਲਈ ਆਪਣੀ ਮਿਸਾਲ ਆਪ ਹੈ, ਤੇ ਗੁਰਮੁਖਾਂ ਦੀ ਜਿੰਦ ਜਾਨ ਹੈ। ਇਸ ਦੇ ਦਰਸਨ ਇਸ਼ਨਾਨ ਲਈ ਗੁਰਸਿੱਖ ਨਿਤਾ ਪ੍ਰਤੀ ਅਰਦਾਸ ਦੁਆਰਾ ਬੇਨਤੀ ਕਰਦਾ ਆਇਆ ਹੈ।

ਗੁਰਿਆਈ ਦੇ ਕੇਵਲ ਸੱਤਾਂ ਸਾਲਾਂ ਦੌਰਾਨ ਆਪ ਜੀ ਨੇ ਸਿੱਖੀ ਨੂੰ ਹੋਰ ਚਮਕਾਇਆ ਤੇ ਫੈਲਾਇਆ। ਹਜ਼ੂਰ ਦੀ ਸਮੁੱਚੀ ਸ਼ਖਸੀਅਤ ਸ਼ਾਂਤ ਭਰੀ, ਸਹਜ ਭਰੀ, ਮਨ ਸਦਾ ਅਡੋਲ, ਕ੍ਰੋਧ, ਗਿਲਾ, ਨਫ਼ਰਤ ਤੋਂ ਨਿਰਲੇਪ ਰਹਿੰਦਾ ਸੀ। ਜਿਸ ਨੂੰ ਆਪ ਦੀ ਛੁਹ ਪ੍ਰਾਪਤ ਹੋਈ ਉਸ ਦੇ ਸੁੱਕੇ ਵੀਰਾਨ ਹਿਰਦੇ ਐਸੇ ਉਪਜਾਊ ਬਣ ਗਏ ਕਿ ਉਸ ਵਿੱਚ ਨਾਮ ਦੇ ਸਗੂਫੇ, ਸੁਗੰਧੀ ਸਮੇਤ ਫੁੱਟਣ ਲੱਗੇ। ਚਿਹਰਾ ਨਾਮ ਦੀ ਲਾਲੀ ਨਾਲ ਭੱਖਦਾ ਤੇ ਰੰਗ ਸਦਾ ਚਲੂਲਿਆ ਰਹਿੰਦਾ। ਉਪਦੇਸ਼ ਏਨਾ ਪ੍ਰਭਾਵਸ਼ਾਲੀ ਕਿ ਨਾਸਤਕਾਂ ਦੇ ਮਨ ਢਲ ਜਾਂਦੇ, ਤੇ ਕੱਟੜ ਵਿਚਾਰਧਾਰਾ ਦੇ ਪੱਥਰ ਮਨ ਮੋਮ ਬਣ ਜਾਂਦੇ। ਬਚਨਾਂ ਵਿੱਚ ਇਕ ਜਾਦੂ ਜਿਹਾ ਅਸਰ ਸੀ, ਪ੍ਰੇਮ ਭਾਵਨਾ ਵਾਲਾ ਤੇ ਸ਼ਰਧਾ ਰੱਖਣ ਵਾਲਾ ਮਨੁੱਖ ਤਾਂ ਸਹਿਜੇ ਹੀ ਕੀਲਿਆ ਜਾਂਦਾ। ਜਿਸ ਤੇ ਨਜ਼ਰ ਪੈਂਦੀ, ਲੋਹੇ ਤੋਂ ਲਾਲ ਬਣ ਜਾਂਦਾ। ਨੈਣ ਸਦਾ ਮਖਮੂਰ ਰਹਿੰਦੇ, ਜਿਹੜਾ ਤੱਕਦਾ ਮੋਹਿਤ ਹੋਏ ਬਿਨਾ ਨ ਰਹਿੰਦਾ। ਭੱਟਾਂ ਨੇ ਹਜ਼ੂਰ ਦੀ ਉਸਤਤਿ ਇਨਾਂ ਸ਼ਬਦਾਂ ਦੁਆਰਾ ਕੀਤੀ ਹੈ –

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ।।**
**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ।।**
**ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ।।**
**ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ।।**
**ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ.**
**ਦੁਖ ਦਰਿਦ੍ਰ ਤਿਨ ਕੇ ਗਇਆ।।**
**ਸਤਿਗੁਰੂ ਚਰਨ ਜਿਨ ਪਰਸਿਆ.**
**ਸੇ ਪਸੁ ਪਰੇਤ ਸੁਰਿ ਨਰ ਭਇਆ।।੨।।** (੧੩੯੯)

ਆਪ ਜੀ ਦਾ ਸਾਰਾ ਜੀਵਨ ਸ਼ਾਂਤ ਇਨਕਲਾਬ ਦੀ ਸੁਗੰਧੀ ਦਾ ਰੂਪ ਹੈ। ਵਿਗੜੇ ਮਨਾਂ ਨੂੰ ਰਾਹਿ-ਰਾਸ਼ਤ ਲਿਆਉਣਾ ਤੇ ਡੋਲਦੇ ਮਨਾਂ ਨੂੰ ਸਥਿਰ ਅਵਸਥਾ ਵਿਚ ਰੱਖਣਾ ਆਪ ਦਾ ਬਿਰਦ ਹੈ। ਜਿਵੇਂ ਅਕਾਲ ਪੁਰਖ ਨੇ ਆਪ ਨੂੰ ਸੁਆਰਿਆ ਤਿਵੇਂ ਆਪ ਜੀ ਨੇ ਸਾਰੀ ਸੰਗਤ ਨੂੰ ਸੁਆਰਿਆ ਹੈ। ਵਿਸ਼ਵ ਭਰ ਦੇ ਯਾਤਰੀ ਆਪ ਜੀ ਦੀ ਮਹਿਮਾ ਸੁਣ ਕੇ ਦਰਸਨ ਪਰਸਨ ਆਉਂਦੇ ਤੇ ਆਪਣੇ ਆਪ ਨੂੰ ਸੁਭਾਗੇ ਸਮਝਦੇ ਹਨ। ਧੰਨ ਤੁਹਾਡਾ ਸਥਾਨ ਹੈ ਤੇ ਧੰਨ ਤੁਹਾਡੀ ਸੰਗਤ। ਫੁਰਮਾਨ ਹੈ–

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।।**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।।**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।।**
**ਅਟਲੁ ਅਥਾਹੁ. ਅਤੋਲੁ ਤੂੰ. ਤੇਰਾ ਅੰਤੁ ਨ ਪਾਰਾਵਾਰਿਆ।।**
**ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ।।**
**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ. ਮਾਰਿ ਕਢੇ ਤੁਧੁ ਸਪਰਵਾਰਿਆ।।**
**ਧੰਨੁ ਸੁ ਤੇਰਾ ਥਾਨੁ ਹੈ. ਸਚੁ ਤੇਰਾ ਪੈਸਕਾਰਿਆ।।**
**ਨਾਨਕੁ ਤੂ ਲਹਣਾ ਤੂ ਹੈ. ਗੁਰੁ ਅਮਰੁ ਤੂ ਵੀਚਾਰਿਆ।।**
**ਗੁਰੁ ਡਿਠਾ ਤਾਂ ਮਨੁ ਸਾਧਾਰਿਆ।।**

(ਸਤੇ ਬਲਵੰਡ ਕੀ ਵਾਰ – ੯੬੮)

ਪਰਮ ਸਤਿਗੁਰੂ ਰਾਮਦਾਸ ਜੀਓ! ਸਾਨੂੰ ਵੀ ਐਸੇ ਨੇਤਰ ਬਖਸ਼ ਦਿਉ, ਜਿਨ੍ਹਾਂ ਨੇਤਰਾਂ ਨਾਲ ਭੱਟਾਂ ਨੇ ਤੁਹਾਨੂੰ ਤੱਕਿਆ ਹੈ। ਅਸੀਂ ਅਧਿਕਾਰੀ ਤਾਂ ਨਹੀਂ, ਪਰ ਤੁਸੀਂ ਐਸੇ ਬੱਦਲ ਹੋ ਜਿਹੜੇ ਵਰ੍ਹਨ ਵੇਲੇ ਸਥਾਨ ਦਾ ਵਿਤਕਰਾ ਨਹੀਂ ਕਰਦੇ। ਸਾਡੀ ਬੰਜਰ ਧਰਤੀ ਨੂੰ ਜ਼ਰਖੇਜ਼ ਬਣਾਉਣ ਦੀ ਕ੍ਰਿਪਾ ਵੀ ਕਰੋ। ਉਨ੍ਹਾਂ ਨੂੰ ਤੁਸੀਂ ਜਹਾਜ਼ ਦੇ ਰੂਪ ਵਿਚ, ਕਦੇ ਪਾਰਬ੍ਰਹਮ ਦਾ ਪਰਤੱਖ ਸਰੀਰ ਵਿੱਚ ਦਿਖਾਈ ਦਿੰਦੇ ਹੋ। ਜੇ ਤੁਹਾਡੀ ਕ੍ਰਿਪਾ ਹੋ ਜਾਵੇ ਤਾਂ ਅਸੀਂ ਵੀ ਤੁਹਾਨੂੰ ਅਕਾਲ ਪੁਰਖ ਦਾ ਰੂਪ ਸਮਝ ਕੇ ਸਿਮਰੀਏ। ਬਚਨ ਹਨ –

**ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ।।**
**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ।।** (ਸਵਈਏ ਭੱਟ ਸਯੰਦ – ੧੪੦੧) ■ ■ ■ ■ ■ ■ ■ ■



www.AKJ.Org

# ਬਾਪੂ ਜੀ ਤੇ ਬੱਚੇ (੧੪)

ਅੱਜ ਬਾਕੀ ਬੱਚਿਆਂ ਦੇ ਨਾਲ ਸਾਹਮਣੇ ਘਰ ਵਾਲਿਆਂ ਦਾ ਪੋਤਰਾ ਹਰਿੰਦਰ ਪਾਲ ਵੀ ਸਿਰ ਤੇ ਪਟਕਾ ਬੰਨ੍ਹੀ ਆ ਰਿਹਾ ਸੀ। ਬਾਪੂ ਜੀ ਨੂੰ ਫਤਹ ਬੁਲਾਉਂਦਿਆਂ ਹੀ ਪ੍ਰਭਜੋਤ ਕਹਿਣ ਲੱਗਾ-

**ਪ੍ਰਭਜੋਤ** : ਬਾਪੂ ਜੀ ਹਰਿੰਦਰ ਪਾਲ ਨੇ ਵੀ ਹੁਣ ਸਿਰ ਤੇ ਪਟਕਾ ਬੰਨ੍ਹ ਲਿਆ। ਇਸ ਨੇ ਆਪਣੇ ਡੈਡੀ ਮੰਮੀ ਨੂੰ ਕਹਿ ਦਿੱਤਾ, "ਮੈਂ ਨੀਂ ਹੁਣ ਕੇਸ ਕਟਾਉਣੇ, ਮੈਂ ਤਾਂ ਪ੍ਰਭੂ ਬਣਨਾ ਆ।"

**ਬਾਪੂ ਜੀ** : ਤਾਂ ਤੇ ਫਿਰ ਇਸ ਨੇ ਰੱਬ ਬਣਨਾ ਹੋਇਆ।

**ਅੰਮ੍ਰਿਤਪਾਲ** : ਬਾਪੂ ਜੀ ! ਤੁਸੀਂ ਆਪ ਹੀ ਤੇ ਦੱਸਿਆ ਸੀ ਕਿ ਜੋ ਬੰਦਾ ਸੱਚੇ ਦਿਲੋਂ ਵਾਹਿਗੁਰੂ ਦਾ ਨਾਮ ਜਪੇ ਤਾਂ ਉਹ ਰੱਬ ਵਰਗਾ ਬਣ ਜਾਂਦਾ ਹੈ।

**ਬਾਪੂ ਜੀ** : ਇਸ ਵਿੱਚ ਕੀ ਸ਼ੱਕ ? ਗੁਰੂ ਸਾਹਿਬ ਇਉਂ ਹੀ ਕਹਿੰਦੇ ਹਨ-

**ਹਰਿ ਕਾ ਸੇਵਕ ਸੋ ਹਰਿ ਜੇਹਾ।।**
**ਭੇਦੁ ਨ ਜਾਣਹੁ ਮਾਣਸ ਦੇਹਾ।।** (ਪੰਨਾ ੧੦੭੬)

**ਅੰਮ੍ਰਿਤਪਾਲ** : ਇਹਦਾ ਕੀ ਮਤਲਬ ?

**ਬਾਪੂ ਜੀ** : ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਭਗਤੀ ਕਰਨ ਵਾਲਾ ਮਨੁੱਖ ਪਰਮਾਤਮਾ ਵਰਗਾ ਹੀ ਹੋ ਜਾਂਦਾ ਹੈ, ਉਸ ਦਾ ਮਨੁੱਖਾ ਸ੍ਰੀਰ ਦੇਖ ਕੇ ਪਰਮਾਤਮਾ ਨਾਲੋਂ ਉਸ ਨੂੰ ਭਿੰਨ ਨਾ ਸਮਝੋ।

**ਪ੍ਰਭਜੋਤ** : ਬਾਪੂ ਜੀ ! ਤੁਹਾਨੂੰ ਕਿਵੇਂ ਪਤਾ ਕਿ ਇਹ ਬਚਨ ਗੁਰੂ ਅਰਜਨ ਦੇਵ ਜੀ ਦੇ ਹਨ ?

**ਬਾਪੂ ਜੀ** : ਬੱਚੂ ! ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਸ਼ਬਦ ਉੱਤੇ ਉਸ ਦੇ ਰਚਣਹਾਰ ਦਾ ਨਾਮ ਲਿਖਿਆ ਹੁੰਦਾ ਹੈ ਜਿਸ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਸ਼ਬਦ ਕਿਸ ਗੁਰੂ ਜਾਂ ਕਿਸ ਭਗਤ ਦਾ ਹੈ।

**ਕੁਲਜੀਤ ਸਿੰਘ** : ਗੁਰੂ ਸਾਹਿਬਾਂ ਦੇ ਨਾਮ ਤਾਂ ਕਿਧਰੇ ਲਿਖੇ ਦੇਖੇ ਨਹੀਂ।

**ਬਾਪੂ ਜੀ** : ਗੁਰੂ ਸਾਹਿਬਾਨ ਦੀ ਬਾਣੀ "ਨਾਨਕ" ਮੋਹਰ ਛਾਪ ਹੇਠ ਦਰਜ ਹੈ ਕਿਉਂਕਿ ਸਾਰੇ ਗੁਰੂ ਇਕ ਜੋਤ ਸਨ ਅਤੇ ਉਨ੍ਹਾਂ ਨੂੰ "ਨਾਨਕ ਜੋਤ" ਹੀ ਸਮਝਿਆ ਜਾਂਦਾ ਹੈ।

**ਕੁਲਜੀਤ ਸਿੰਘ** : ਤੇ ਫੇਰ ਸਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਪਹਿਲੀ ਪਾਤਸ਼ਾਹੀ ਦਾ ਹੈ ਜਾਂ ਪੰਜਵੀਂ ਦਾ ?

**ਬਾਪੂ ਜੀ** : ਇਸ ਗੱਲ ਨੂੰ ਸਪਸ਼ਟ ਕਰਨ ਵਾਸਤੇ ਹਰ ਸ਼ਬਦ ਉੱਤੇ ਮਹਲਾ ੧, ੨, ੩, ੪, ੫ ਆਦਿ ਲਿਖਿਆ ਹੁੰਦਾ ਹੈ ਇਸ ਤੋਂ ਸਾਨੂੰ ਪਤਾ ਲਗ ਜਾਂਦਾ ਹੈ ਕਿ ਇਹ ਸ਼ਬਦ ਪਹਿਲੀ ਪਾਤਸ਼ਾਹੀ ਦਾ ਹੈ ਜਾਂ ਦੂਜੀ ਦਾ।

**ਕੁਲਜੀਤ ਸਿੰਘ** : ਮਹਲਾ ਦਾ ਕੀ ਅਰਥ ਹੈ ?

**ਬਾਪੂ ਜੀ** :'ਮਹਲਾ' ਦਾ ਅਰਥ ਹੈ ਸਰੀਰ। ਮਹਲਾ ੧ (ਪਹਿਲਾ) ਦਾ ਅਰਥ ਹੋਇਆ ਗੁਰੂ ਨਾਨਕ ਦਾ ਪਹਿਲਾ ਸਰੀਰ ਅਤੇ ਮਹਲਾ ੫ (ਪੰਜਵਾਂ) ਦਾ ਅਰਥ ਹੋਇਆ ਗੁਰੂ ਨਾਨਕ ਦਾ ਪੰਜਵਾਂ ਸਰੀਰ।

**ਕੁਲਜੀਤ ਸਿੰਘ** : ਇਸ ਦਾ ਮਤਲਬ ਤਾਂ ਫੇਰ ਇਹ ਹੋਇਆ ਕਿ ਗੁਰੂ ਨਾਨਕ ਦੇ ਦਸ ਸਰੀਰ ਹੋਏ।

**ਬਾਪੂ ਜੀ** : ਬਿਲਕੁਲ! ਦਸ ਗੁਰੂ ਸਾਹਿਬਾਨ ਇੱਕ ਜੋਤ ਹੀ ਸਨ। ਉਨ੍ਹਾਂ ਵਿੱਚ ਕੋਈ ਭਿੰਨ ਭੇਦ ਨਹੀਂ ਸੀ।

**ਅੰਮ੍ਰਿਤਪਾਲ** : ਬਾਪੂ ਜੀ ! ਹਰਿੰਦਰ ਤੇ ਕਹਿੰਦਾ ਆ,"ਮੈਂ ਪ੍ਰਭੂ ਵਰਗਾ ਬਣਨਾ ਆ। ਜਿੱਦਾਂ ਪ੍ਰਭੂ ਨੇ ਸਿਰ ਤੇ ਪਟਕਾ ਬੰਨਿਆ ਹੋਇਆ, ਮੈਂ ਵੀ ਇੱਦਾ ਹੀ ਸਿਰ ਤੇ ਪਟਕਾ ਬੰਨਣਾ ਆ। ਮੈਂ ਵਾਲ ਨੀਂ ਕਟੌਣੇ।"

**ਕੁਲਜੀਤ ਸਿੰਘ** :( ਨਾਲ ਦੇ ਲੜਕੇ ਗੁਰਪ੍ਰੀਤ ਵਲ ਇਸ਼ਾਰਾ ਕਰਦਾ ਹੋਇਆ)

ਬਾਪੂ ਜੀ ! ਇਹ ਕਹਿੰਦਾ ਆ," ਮੈਂ ਵਾਲ ਕਟੌਣੇ ਆ।"

**ਬਾਪੂ ਜੀ** : ਕਿਉ ਬਈ ! ਤੂੰ ਵਾਲ ਕਿਉਂ ਕਟੌਣੇ ਚਹੁੰਦਾ ?

**ਗੁਰਪ੍ਰੀਤ** : ਬਾਪੂ ਜੀ ! ਮੈਨੂੰ ਕਲਾਸ ਵਿੱਚ ਮੁੰਡੇ "ਐਨਟੀਨਾ ਐਨਟੀਨਾ" ਕਹਿ ਕੇ ਛੇੜਦੇ ਰਹਿੰਦੇ ਆ।

**ਬਾਪੂ ਜੀ** : ਤੂੰ ਸਿੰਘਾਂ ਵਾਲੀ ਭਬਕ ਮਾਰਨੀ ਸਿੱਖ। ਜਦੋਂ ਤੇਰੇ ਵਿੱਚ ਹੀਣਤਾ ਭਾਵ ਖਤਮ ਹੋ ਗਿਆ ਅਤੇ ਸਿੰਘ-ਪੁਣਾ ਜਾਗ ਪਿਆ ਤਾਂ ਤੈਨੂੰ ਕੋਈ ਟੇਢਾ ਮਖੌਲ ਨਹੀ ਕਰ ਸਕੇਗਾ।

**ਗੁਰਪ੍ਰੀਤ** : ਸਿੰਘ-ਪੁਣਾ ਕਿਵੇਂ ਜਾਗੇ ?

**ਬਾਪੂ ਜੀ** : ਜੈਸੀ ਸੰਗਤ ਤੈਸੀ ਰੰਗਤ। ਭੇਡਾਂ ਵਿੱਚ ਰਹਿਣ ਨਾਲ ਬੰਦਾ ਭੇਡਾਂ ਵਰਗਾ ਹੀ ਡਰਪੋਕ ਬਣ ਜਾਂਦਾ ਹੈ। ਸਿੰਘਾਂ ਸਰਦਾਰਾਂ ਦੀ ਸੰਗਤ ਵਿੱਚੋਂ ਹੀ ਸਿੰਘ-ਪੁਣੇ ਦੀ ਸੋਝੀ ਆਉਂਦੀ ਹੈ। ਤੂੰ ਗੁਰਦੁਆਰੇ ਜਾਇਆ ਕਰ ਅਤੇ ਉਥੇ ਜਾ ਕੇ ਕਥਾ ਕੀਰਤਨ ਸੁਣਿਆ ਕਰ ਤੇ ਕੋਈ ਸੇਵਾ ਵੀ ਕਰਿਆ ਕਰ ।

**ਗੁਰਪ੍ਰੀਤ** : ਕਿਹੜੀ ਸੇਵਾ ?

**ਬਾਪੂ ਜੀ** : ਗੁਰਦੁਆਰੇ ਦੀ ਸਫਾਈ, ਜੋੜਿਆ ਤੇ ਲੰਗਰ ਦੀ ਸੇਵਾ ਆਦਿ ।

**ਗੁਰਪ੍ਰੀਤ** : ਇਸ ਨਾਲ ਕੀ ਹੋ ਜਾਏਗਾ ?

**ਬਾਪੂ ਜੀ** : ਸੇਵਾ ਕਰਨ ਨਾਲ ਤੇਰੇ ਮਨ ਤੇ ਪਈ ਹਉਮੈ ਦੀ ਮੈਲ ਦੂਰ ਹੋ ਜਾਏਗੀ, ਤੂੰ ਕਿਸੇ ਮਨੁੱਖ ਨੂੰ ਭੇੜਾ ਨਹੀਂ ਕਹੇਂਗਾ, ਦਾਸਨ ਦਾਸ ਬਣ ਕੇ ਰਹੇਂਗਾ ਤਾਂ ਤੈਨੂੰ ਗੁਰੂ ਕੀਆਂ ਖੁਸ਼ੀਆਂ ਮਿਲਣਗੀਆਂ, ਤੇਰਾ ਤਨ ਵੀ ਤਕੜਾ ਹੋ ਜਾਏਗਾ ਅਤੇ ਮਨ ਵੀ।

**ਗੁਰਪ੍ਰੀਤ** : ਉਹ ਕਿਵੇਂ ?



www.AKJ.Org

ਬਾਪੂ ਜੀ : ਗੁਰੂ ਦੀ ਬਾਣੀ ਸੁਣਨ ਨਾਲ ਤੈਨੂੰ ਗੁਰੂ ਦੇ ਉਪਦੇਸ਼ ਦੀ ਸੋਝੀ ਆਏਗੀ ਅਤੇ ਅਗਿਆਨਤਾ ਦਾ ਹਨ੍ਹੇਰਾ ਦੂਰ ਹੋਵੇਗਾ। ਜਿਉਂ ਜਿਉਂ ਗੁਰੂ ਦਾ ਉਪਦੇਸ਼ ਤੇਰੇ ਅੰਦਰ ਘਰ ਕਰਦਾ ਜਾਏਗਾ ਤੇਰੇ ਡਰ ਦੂਰ ਹੁੰਦੇ ਜਾਣਗੇ। ਜਦੋਂ ਤੂੰ ਨਿਡਰ ਹੋ ਕੇ ਵਿਚਰਨ ਲੱਗ ਪਿਆ ਤਾਂ ਸਮਝੋ ਸਿੰਘ-ਪੁਣਾ ਜਾਗ ਪਿਆ। ਫਿਰ ਤੈਨੂੰ ਕੋਈ ਕੇਝੇ ਮਖੌਲ ਨਹੀਂ ਕਰ ਸਕੇਗਾ।

ਗੁਰਪ੍ਰੀਤ : ਗੁਰੂ ਦੀ ਬਾਣੀ ਸੁਣਨ ਨਾਲ ਤੇ ਮਨ ਤਕੜਾ ਹੋਏਗਾ, ਤਨ ਕਿਵੇਂ ਤਕੜਾ ਹੋਏਗਾ ?

ਬਾਪੂ ਜੀ : ਹੱਥਾਂ ਪੈਰਾਂ ਨਾਲ ਸੇਵਾ ਕਰਨ ਨਾਲ ਸਰੀਰ ਦੀ ਕਸਰਤ ਹੁੰਦੀ ਰਹੇਗੀ ਅਤੇ ਖਾਧਾ ਪੀਤਾ ਹਜ਼ਮ ਹੁੰਦਾ ਰਹੇਗਾ, ਜਿਸ ਕਰਕੇ ਸਰੀਰ ਵਿੱਚ ਚੁਸਤੀ ਰਹੇਗੀ ਅਤੇ ਬੀਮਾਰੀ ਨੇੜੇ ਨਹੀਂ ਆਵੇਗੀ। ਅਰੋਗ ਸਰੀਰ ਹੀ ਤਕੜਾ ਹੋਇਆ ਕਰਦਾ ਹੈ, ਬੀਮਾਰ ਬੰਦਾ ਤਾਂ ਕਿਸੇ ਕੰਮ ਜੋਗਾ ਵੀ ਨਹੀਂ।

ਕੁਲਜੀਤ ਸਿੰਘ : ਬਾਪੂ ਜੀ ! ਗੁਰਪ੍ਰੀਤ ਹੋਰੀਂ ਬੜੇ ਅਮੀਰ ਆ, ਤਿੰਨ ਚਾਰ ਨ੍ਹਾਂ ਇਨ੍ਹਾਂ ਦੇ ਕਾਰਾਂ ਆ। ਕਾਰ ਬਿਨਾਂ ਤਾਂ ਇਹ ਬਾਹਰ ਪੈਰ ਨਹੀਂ ਪਾਉਂਦੇ, ਘਰ ਬੈਠੇ ਟੈਲੀਵੀਜ਼ਨ ਹੀ ਦੇਖਦੇ ਰਹਿੰਦੇ ਆ।

ਬਾਪੂ ਜੀ : (ਗੁਰਪ੍ਰੀਤ ਨੂੰ ਪੁੱਛਦੇ ਹੋਏ) ਕਿਉਂ ਬਈ! ਤੂੰ ਗੁਰਦੁਆਰੇ ਜਾਂਦਾ ਹੁੰਦਾਂ ?

ਗੁਰਪ੍ਰੀਤ : ਕਦੇ ਕਦੇ।

ਬਾਪੂ ਜੀ : ਕਿੰਨੀ ਕੁ ਦੇਰ ਉੱਥੇ ਬੈਠਦਾ ਹੁੰਦਾਂ ?

ਗੁਰਪ੍ਰੀਤ : ਜੀ ! ਮੱਥਾ ਟੇਕ ਕੇ ਹੀ ਆ ਜਾਈਦਾ।

ਬਾਪੂ ਜੀ : ਟੈਲੀਵੀਯਨ ਤੂੰ ਕਿੰਨੀ ਦੇਰ ਦੇਖਦਾਂ ?

ਗੁਰਪ੍ਰੀਤ : ਸਕੂਲ ਦਾ ਕੰਮ ਕਰ ਕੇ ਟੈਲੀਵੀਯਨ ਹੀ ਦੇਖੀਦਾ।

ਬਾਪੂ ਜੀ : ਟੈਲੀਵੀਯਨ ਦੇ ਪ੍ਰੋਗ੍ਰਾਮਾਂ ਵਿੱਚ ਕਦੇ "ਸਾਬਤ ਸੂਰਤ ਸਿਰ ਦਸਤਾਰ" ਵਾਲੇ ਸਿੰਘ ਸਰਦਾਰਾਂ ਦੇ ਵੀ ਦਰਸ਼ਨ ਹੁੰਦੇ ਹਨ ?

ਗੁਰਪ੍ਰੀਤ : ਫਿਲਮਾਂ ਤੇ ਡਰਾਮਿਆਂ ਵਿੱਚ ਤਾਂ ਕਦੇ ਨਹੀਂ ਦੇਖੇ।

ਬਾਪੂ ਜੀ : ਫਿਰ ਕਿਹੋ ਜਿਹੇ ਚਿਹਰੇ ਮੋਹਰੇ ਦੇਖਦੇ ਹੋ ?

ਗੁਰਪ੍ਰੀਤ : ਮੋਨੇ ਤੇ ਫੈਸ਼ਨਦਾਰ ਕੁੜੀਆਂ।

ਬਾਪੂ ਜੀ : ਸਿਆਣਿਆਂ ਫਿਰ ਇਹ ਅਖਾਣ ਠੀਕ ਹੀ ਘੜਿਆ ਹੈ- "ਜੈਸੀ ਸੰਗਤ, ਤੈਸੀ ਰੰਗਤ।"

(ਹਰਿੰਦਰ ਪਾਲ ਨੂੰ ਇਸ਼ਾਰਾ ਕਰਦੇ ਹੋਏ) ਕਿਉਂ ਬਈ ਹਰਿੰਦਰ ਪਾਲ ! ਤੂੰ ਪ੍ਰਭੂ ਕਿਉਂ ਬਣਨਾ ਚਾਹੁੰਦਾ ਹੈਂ ?

(ਹਰਿੰਦਰ ਪਾਲ ਛੋਟਾ ਹੋਣ ਕਰਕੇ ਖੁੱਲ੍ਹ ਕੇ ਬੋਲ ਨਾ ਸਕਣ ਕਾਰਨ ਚੁੱਪ ਰਹਿੰਦਾ ਹੈ। ਅੰਮ੍ਰਿਤਪਾਲ ਵਿੱਚ ਬੋਲ ਪੈਂਦਾ ਹੈ।)

ਅੰਮ੍ਰਿਤਪਾਲ : ਬਾਪੂ ਜੀ ! ਗੁਰਪੁਰਬ ਤੇ ਮੈਂ ਤੇ ਪ੍ਰਭੂ ਖਾਲਸਾ ਵਰਦੀ ਪਾ ਕੇ ਬਾਕੀ ਤਿੰਨ ਨਿਆਣਿਆਂ ਨਾਲ ਜਲੂਸ (ਨਗਰ ਕੀਰਤਨ) ਦੇ ਅੱਗੇ ਅੱਗੇ ਜਾ ਰਹੇ ਸੀ। ਹਰਿੰਦਰ ਨੇ ਸਾਨੂੰ ਦੇਖ ਲਿਆ। ਉਸ ਦਿਨ ਤੋਂ ਇਹ ਕਹਿਣ ਲੱਗ ਪਿਆ, "ਮੈਂ ਪ੍ਰਭੂ ਬਣਨਾ ਆ, ਕੇਸ ਨਹੀਂ ਕਟੌਣੇ। ਹੁਣ ਇਹ ਸਾਡੇ ਨਾਲ ਗੁਰਦੁਆਰੇ ਵੀ ਜਾਂਦਾ ਹੁੰਦਾ ਆ।"

ਬਾਪੂ ਜੀ ਇਹ ਸਾਰਾ ਸੰਗਤ ਦਾ ਹੀ ਅਸਰ ਹੈ। ........ ਗੁਰਪ੍ਰੀਤ ! ਤੁਹਾਡੇ ਘਰ ਕੋਈ ਗੁਰਮਤਿ ਦਾ ਰਸਾਲਾ ਵੀ ਆਉਂਦਾ ਹੈ ?

ਗੁਰਪ੍ਰੀਤ : ਸਾਡੇ ਤੇ ਫਿਲਮ ਫੇਅਰ ਤੇ ਫੈਮਿਨਾ ਹੀ ਆਉਂਦੇ ਨੇ। ਉਹ ਅੰਗ੍ਰੇਜ਼ੀ ਵਿੱਚ ਆ, ਮੇਤੋਂ ਪੜ੍ਹੇ ਨਹੀਂ ਜਾਂਦੇ, ਮੈਂ ਤਾਂ ਸਿਰਫ ਫੋਟੋ ਹੀ ਦੇਖਦਾ ਹੁੰਦਾਂ।

ਬਾਪੂ ਜੀ : ਕੀ ਕੋਈ ਸਿੱਖ ਇਤਿਹਾਸ ਵਾਰੇ ਵੀ ਪੁਸਤਕ ਤੁਹਾਡੇ ਘਰ ਹੈ ?

ਗੁਰਪ੍ਰੀਤ : ਡੈਡੀ ਗੁਰਮੁਖੀ ਦੀਆਂ ਕਿਤਾਬਾਂ ਨਹੀਂ ਪੜ੍ਹਦੇ। ਕਹਿੰਦੇ ਆ ਪੜ੍ਹਨ ਲਈ ਟੈਮ ਨਹੀਂ।

ਬਾਪੂ ਜੀ : ਵੇਹਲੇ ਟੈਮ ਕੀ ਕਰਦੇ ਹਨ ?

ਗੁਰਪ੍ਰੀਤ : ਵੀ. ਡੀ. ਓ. ਫਿਲਮਾਂ ਦੇਖਦੇ ਆ ਜਾਂ ਕਲੱਬ ਚਲੇ ਜਾਂਦੇ ਆ।

ਬਾਪੂ ਜੀ : ਕੀ ਤੈਨੂੰ ਪਤਾ ਛੋਟੇ ਸਾਹਿਬਜ਼ਾਦੇ ਕਿਉਂ ਸ਼ਹੀਦ ਹੋਏ?

ਗੁਰਪ੍ਰੀਤ : ਕਿਹੜੇ ਸਾਹਿਬਜ਼ਾਦੇ ?

ਅੰਮ੍ਰਿਤਪਾਲ : (ਵਿਚੋਂ ਬੋਲਦਾ ਹੋਇਆ) ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਪੁੱਤਰ ਫਤਹ ਸਿੰਘ ਤੇ ਜੋਰਾਵਰ ਸਿੰਘ।

ਪ੍ਰਭਜੋਤ : ਸਰਹੰਦ ਦੇ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ, "ਕੇਸ ਮੁਨਾ ਕੇ ਮੁਸਲਮਾਨ ਬਣ ਜਾਓ ਨਹੀਂ ਤਾਂ ਤੁਹਾਨੂੰ ਕਤਲ ਕਰ ਦਿੱਤਾ ਜਾਏਗਾ," ਉਨ੍ਹਾਂ ਨੇ ਉਹਦੀ ਇਹ ਗੱਲ ਨਾ ਮੰਨੀ, ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਬਾਪੂ ਜੀ : ਸ਼ਾਬਾਸ਼!...... ਗੁਰਪ੍ਰੀਤ ! ਤੈਨੂੰ ਪਤਾ ਭਾਈ ਤਾਰੂ ਸਿੰਘ ਨੇ ਖੋਪਰੀ ਕਿਉਂ ਲੁਹਾਈ ?

ਗੁਰਪ੍ਰੀਤ : ਪਤਾ ਨੀਂ।

ਪ੍ਰਭਜੋਤ : ਬਾਪੂ ਜੀ ! ਮੈਂ ਦੱਸਾਂ ?

ਬਾਪੂ ਜੀ : ਦੱਸੋ।

ਪ੍ਰਭਜੋਤ : ਲਹੌਰ ਦੇ ਮੁਗਲ ਸੂਬੇਦਾਰ ਨੇ ਉਹਦੇ ਕੇਸ ਕਤਲ ਕਰਨ ਦਾ ਹੁਕਮ ਦੇ ਦਿੱਤਾ। ਭਾਈ ਤਾਰੂ ਸਿੰਘ ਨੇ ਕਿਹਾ ਕੇਸ ਮੇਰੇ ਗੁਰੂ ਦੀ ਮੋਹਰ ਆ। ਮੇਰੀ ਖੋਪਰੀ ਤਾਂ ਬੇਸ਼ਕ ਲਾਹ ਦਿਓ ਪਰ ਮੈਂ ਕੇਸ ਨਹੀਂ ਕਟੌਣੇ।



www.AKJ.Org

**ਬਾਪੂ ਜੀ** : ਗੁਰਪ੍ਰੀਤ ! ਜਦੋਂ ਨਾਦਰਸ਼ਾਹ ਵਰਗੇ ਲੁਟੇਰੇ ਕਾਬਲ ਤੋਂ ਆ ਕੇ ਹਿੰਦੋਸਤਾਨ ਨੂੰ ਲੁੱਟ ਪੁੱਟ ਕੇ ਲੈ ਜਾਂਦੇ ਸਨ ਅਤੇ ਹਿੰਦੂਆਂ ਦੀਆਂ ਬਹੂ ਬੇਟੀਆਂ ਨੂੰ ਭੇਡਾਂ ਵਾਂਗ ਹੱਕ ਕੇ ਆਪਣੇ ਦੇਸ਼ ਜਾ ਵੜਦੇ ਸਨ ਤਾਂ ਉਨ੍ਹਾਂ ਨੂੰ ਕੌਣ ਛੁਡਾ ਕੇ ਲਿਆਉਂਦਾ ਸੀ ?

**ਗੁਰਪ੍ਰੀਤ** : ਜੀ ਪਤਾ ਨਹੀਂ।

**ਕੁਲਜੀਤ ਸਿੰਘ** : ਬਾਪੂ ਜੀ ! ਮੈਂ ਦੱਸਾਂ ?

**ਬਾਪੂ ਜੀ** : ਦੱਸੋ।

**ਕੁਲਜੀਤ ਸਿੰਘ** :ਦਾੜ੍ਹੀ ਕੇਸਾਂ ਦਸਤਾਰ ਵਾਲੇ ਸਿੰਘ ਸੂਰਮੇਂ।

**ਬਾਪੂ ਜੀ** : ਕੀ ਉਨ੍ਹਾਂ ਤੋਂ ਛੁੱਟ ਕਿਸੇ ਹੋਰ ਦਾ ਹੌਸਲਾ ਨਾ ਪਿਆ ?

**ਕੁਲਜੀਤ ਸਿੰਘ** : ਹਿੰਦੂ ਤਾਂ ਏਨੇ ਡਰਪੋਕ ਸਨ ਕਿ ਉਹ ਜਾਬਰਾਂ ਅੱਗੇ ਝੱਟ ਮੋਕ ਮਾਰਨ ਲੱਗ ਪੈਂਦੇ ਸਨ। ਜੇ ਕੋਈ ਜਰਵਾਣਾ ਉਨ੍ਹਾਂ ਦੀ ਧੀ ਭੈਣ ਨੂੰ ਆ ਕੇ ਹੱਥ ਪਾ ਲੈਂਦਾ ਤਾਂ ਉਹ ਮੁੱਸਰੀ ਵਾਂਗੂੰ ਸੌਂ ਜਾਂਦੇ । ਕਿਸੇ ਦਾ ਹੌਸਲਾ ਨਾ ਪੈਂਦਾ ਉਹਨੂੰ ਛੁਡਾਉਣ ਦਾ।

**ਪ੍ਰਭਜੋਤ** : ਬਾਪੂ ਜੀ ! ਜਰਵਾਣੇ ਇੱਕ ਬ੍ਰਾਹਮਣ ਦੀ ਡੋਲੇ ਵਿਚ ਜਾ ਰਹੀ ਵਹੁਟੀ ਨੂੰ ਖੋਹ ਕੇ ਲੈ ਗਏ। ਉਸ ਬ੍ਰਾਹਮਣ ਨੇ ਸਿੰਘਾਂ ਕੋਲ ਫਰਿਆਦ ਕੀਤੀ। ਸਿੰਘਾਂ ਨੇ ਹੱਲਾ ਕਰ ਕੇ ਉਸਦੀ ਵਹੁਟੀ ਵਾਪਸ ਮੋੜ ਲਿਆਂਦੀ। ਸਿੰਘਾਂ ਦੀ ਬਹਾਦਰੀ ਦੇਖ ਕੇ ਉਹ ਬੀਬੀ ਅੰਮ੍ਰਿਤ ਛੱਕ ਕੇ ਸਿੰਘਣੀ ਸਜ ਗਈ। ਸਾਰੀ ਉਮਰ ਉਹ ਜੰਗਾਂ ਯੁੱਧਾਂ ਵਿਚ ਸਿੰਘਾਂ ਦੇ ਨਾਲ ਰਹੀ, ਜ਼ਖਮੀ ਸਿੰਘਾਂ ਦੀ ਮਲ੍ਹਮ ਪੱਟੀ ਅਤੇ ਸੇਵਾ ਸੰਭਾਲ ਕਰਦੀ ਰਹੀ।

**ਬਾਪੂ ਜੀ** : ਬੱਚਿਓ ! ਏਹੋ ਜੇਹੀਆਂ ਪਰਉਪਕਾਰ ਦੀਆਂ ਘਟਨਾਵਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਲੋਕੀਂ ਏਨੇ ਅਕ੍ਰਿਤਘਣ ਹੋ ਗਏ ਹਨ ਕਿ ਉਨ੍ਹਾਂ ਨੂੰ ਸਿੰਘਾਂ ਦੇ ਉਪਕਾਰ ਭੁੱਲ ਗਏ ਹਨ। .....ਇਸ ਵਿੱਚ ਕਸੂਰ ਸਾਡਾ ਹੀ ਹੈ। ਸਿੱਖਾਂ ਦੇ ਘਰ ਜਨਮ ਲੈ ਕੇ ਅਸੀਂ ਆਪਣੇ ਆਪ ਨੂੰ ਸਿੱਖ ਤਾਂ ਅਖਵਾਉਂਦੇ ਹਾਂ ਪਰ ਸਾਨੂੰ ਸਿੱਖ ਧਰਮ ਅਤੇ ਸਿੱਖ ਇਤਿਹਾਸ ਵਾਰੇ ਕੋਈ ਜਾਣਕਾਰੀ ਨਹੀਂ। ਸਿੱਖਾਂ ਨੇ ਮਹਿਲ ਮਾੜੀਆਂ, ਕਾਰਖਾਨੇ, ਜਾਇਦਾਦਾਂ ਤਾਂ ਬਹੁਤ ਬਣਾ ਲਈਆਂ ਹਨ ਅਤੇ ਧਨ ਦੌਲਤ ਵੀ ਬਹੁਤ ਇਕੱਠਾ ਕਰ ਲਿਆ ਹੈ ਪਰ "ਨਾਮ ਧਨ" ਵਜੋਂ ਬਹੁਤ ਗਰੀਬ ਹੋ ਗਏ ਹਨ।

ਬੱਚਿਓ ! ਤੁਸੀਂ ਗੁਰਪ੍ਰੀਤ ਕੋਲੋਂ ਸੁਣ ਹੀ ਲਿਆ ਹੈ, ਉਨ੍ਹਾਂ ਦੇ ਘਰ ਹੋਰ ਤਾਂ ਸਭ ਕੁੱਝ ਹੈ ਪਰ ਗੁਰਮਤਿ ਦਾ ਲਿਟਰੇਚਰ ਨਹੀਂ। ਉਹ ਗੁਰਦੁਆਰੇ ਵੀ ਨਾ ਮਾਤਰ ਹੀ ਜਾਂਦੇ ਹਨ। ਉਹ ਨਾ ਤਾਂ ਸਾਧ-ਸੰਗਤ ਕਰਦੇ ਹਨ ਅਤੇ ਨਾ ਹੀ ਗੁਰਮਤਿ ਦਾ ਸਾਹਿਤ ਪੜ੍ਹਦੇ ਹਨ। ਸੰਗਤ ਦੀ ਘਾਟ ਕਾਰਨ ਉਹ ਗੁਰਮਤਿ ਤੋਂ ਬਹੁਤ ਦੂਰ ਹਨ। ਤਾਹੀਓਂ ਗੁਰਪ੍ਰੀਤ ਨੂੰ ਕੇਸਾਂ ਦੀ ਕੋਈ ਕਦਰ ਨਹੀਂ। ਤਿੰਨ ਸਾਲ ਦਾ ਰਾਜਿੰਦਰ ਪਾਲ ਤੇ ਕਹਿੰਦਾ ਹੈ ਕਿ ਮੈਂ ਕੇਸ ਨਹੀਂ ਕਟਾਉਣੇ ਪਰ ਇਸ ਨੂੰ ਨੌਂ ਦਸ ਸਾਲ ਦਾ ਹੋ ਕੇ ਵੀ ਸੋਝੀ ਨਹੀਂ ਆਈ ਕਿ ਕੇਸ ਕਟਾਉਣ ਨਾਲ ਸਿੱਖ ਪਤਿਤ ਹੋ ਜਾਂਦਾ ਹੈ, ਸਿੱਖੀ ਦੇ ਸਕੂਲ ਵਿਚੋਂ ਖਾਰਜ ਹੋ ਜਾਂਦਾ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਇਹ (ਗੁਰਪ੍ਰੀਤ) ਕਹਿੰਦਾ ਆ, " ਮੈਨੂੰ ਮੁੰਡੇ ਐਨਟੀਨਾ ਐਨਟੀਨਾ ਕਹਿਕੇ ਛੇੜਦੇ ਆ।" ਐਨਟੀਨਾ ਕੀ ਹੁੰਦਾ ਆ ?

**ਕੁਲਜੀਤ ਸਿੰਘ**: ( ਵਿਚੋਂ ਬੋਲਦਾ ਹੋਇਆ ) ਘਰਾਂ ਦੀ ਛੱਤ ਤੇ ਲੱਗਾ ਹੋਇਆ ਟੈਲੀਵੀਜਨ ਦਾ ਛੱਜੇ ਵਾਲਾ ਢਾਂਗਾ।

**ਅੰਮ੍ਰਿਤਪਾਲ** : ਇਹ ਕਿਉਂ ਲਾਇਆ ਜਾਂਦਾ ਆ ?

**ਬਾਪੂ ਜੀ** : (ਕੁਲਜੀਤ ਸਿੰਘ ਦੇ ਚੁੱਪ ਰਹਿਣ ਤੇ) ਕਿਉਂ ਬਈ ਕੁਲਜੀਤ ਸਿੰਘ ! ਦੱਸ !

**ਕੁਲਜੀਤ ਸਿੰਘ** : ਇਹਦਾ ਤੇ ਮੈਨੂੰ ਪਤਾ ਨਹੀਂ ਪਰ ਜਦੋਂ ਟੈਲੀਵੀਜਨ ਤੇ ਮੂਰਤਾਂ ਸਾਫ ਨਾ ਆਉਣ ਤਾਂ ਛੱਜੇ ਦਾ ਮੂੰਹ ਘੁਮਾਉਂਦੇ ਹੁੰਦੇ ਆ।

**ਬਾਪੂ ਜੀ** : ਕੀ ਢਾਂਗੇ ਦੇ ਉਚਾ ਨੀਵਾਂ ਹੋਣ ਦਾ ਵੀ ਟੈਲੀਵੀਜਨ ਤੇ ਕੋਈ ਅਸਰ ਪੈਂਦਾ ਹੈ ?

**ਕੁਲਜੀਤ ਸਿੰਘ** : ਢਾਂਗਾ ਜਿੰਨਾ ਉਚਾ ਹੋਵੇ ਉਨੀ ਸੋਹਣੀ ਆਵਾਜ਼ ਆਉਂਦੀ ਆ।

**ਬਾਪੂ ਜੀ** : ਬੱਚਿਓ ! ਕੇਸ ਸਾਡੇ ਸਰੀਰ ਰੂਪੀ ਟੈਲੀਵੀਜਨ ਦਾ ਐਨਟੀਨਾ ਹਨ । ਜਿੰਨੇ ਲੰਬੇ ਕੇਸ ਉਨੀ ਵਧੇਰੇ ਪਕੜ ਅਤੇ ਉਨੀ ਸੋਹਣੀ ਆਵਾਜ਼ ਤੇ ਸਾਫ ਮੂਰਤਾਂ।

**ਕੁਲਜੀਤ ਸਿੰਘ** : ਟੈਲੀਵੀਜਨ ਤੋਂ ਤਾਂ ਅਸੀਂ ਦਿੱਲੀ, ਜਲੰਧਰ ਤੇ ਹੋਰ ਸਟੇਸ਼ਨਾਂ ਦੇ ਪ੍ਰੋਗਰਾਮ ਦੇਖਦੇ ਹਾਂ, ਪਰ ਸਰੀਰ ਦੇ ਟੈਲੀਵੀਜਨ ਰਾਹੀਂ ਅਸੀਂ ਕਿਸ ਸਟੇਸ਼ਨ ਦਾ ਪ੍ਰੋਗਰਾਮ ਦੇਖ ਸਕਦੇ ਆ ?

**ਬਾਪੂ ਜੀ** : ਜੇ ਸਾਡਾ ਸਰੀਰ ਰੂਪੀ ਟੈਲੀਵੀਜਨ ਰੱਬੀ ਸਿੰਚਾਰ ਕੇਂਦਰ ਨਾਲ ਇਕ ਸੁਰ ਹੋਵੇ ਤਾਂ ਅਸੀਂ ਇਸ ਦੁਨੀਆਂ ਤੋਂ ਛੁੱਟ ਖੰਡਾਂ ਬ੍ਰਹਿਮੰਡਾਂ ਦੇ ਪ੍ਰੋਗਰਾਮ ਵੀ ਦੇਖ ਸਕਦੇ ਹਾਂ, ਸ਼ਰਤ ਕੇਵਲ ਇਹੋ ਹੀ ਹੈ ਕਿ ਸਾਡੇ ਐਨਟੀਨੇ ਦਾ ਮੂੰਹ ਗੁਰੂ ਵਲ ਨੂੰ ਹੋਵੇ ਅਤੇ ਇਸ ਦਾ ਢਾਂਗਾ ਟੁੱਟਾ ਭੱਜਾ ਨਾ ਹੋਵੇ।

**ਕੁਲਜੀਤ ਸਿੰਘ** : ਟੁੱਟੇ ਭੱਜੇ ਢਾਂਗੇ ਦਾ ਕੀ ਮਤਲਬ ?

**ਬਾਪੂ ਜੀ** : ਕੱਟੇ ਵੱਢੇ ਕੇਸ।

**ਕੁਲਜੀਤ ਸਿੰਘ** : ਇਸ ਦਾ ਮਤਲਬ ਤਾਂ ਫਿਰ ਇਹ ਹੋਇਆ ਕਿ ਸਾਨੂੰ ਆਪਣੇ ਕੇਸ ਨਹੀਂ ਕਟਾਉਣੇ ਚਾਹੀਦੇ ਅਤੇ ਇਨ੍ਹਾਂ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ।

**ਬਾਪੂ ਜੀ** : ਬਿਲਕੁਲ।

**ਪ੍ਰਭਜੋਤ** : ਬਾਪੂ ਜੀ ! ਕੇਸ ਸਾਡੇ ਸਿਰ ਨੂੰ ਸੱਟ ਚੋਟ ਤੋਂ ਵੀ



www.AKJ.Org

ਬਚਾਉਂਦੇ ਆ।

**ਅੰਮ੍ਰਿਤਪਾਲ** : ਪਾਲੇ ਤੇ ਧੁੱਪ ਤੋਂ ਵੀ ਸਾਡੀ ਰੱਖਿਆ ਕਰਦੇ ਆ।

**ਬਾਪੂ ਜੀ** : ਬੱਚਿਓ ! ਅਮਰੀਕਾ ਦੀ ਇੱਕ ਯੂਨੀਵਰਸਿਟੀ ਨੇ ਮੁੰਡੇ ਕੁੜੀਆਂ ਦੇ ਦੋ ਟੋਲੇ ਬਣਾ ਲਏ। ਇਕ ਟੋਲਾ ਵਾਲ ਕੱਟਣ ਵਾਲਿਆਂ ਦਾ ਅਤੇ ਦੂਜਾ ਨਾ ਕੱਟਣ ਵਾਲਿਆਂ ਦਾ। ਕੁਝ ਸਾਲਾਂ ਬਾਅਦ ਉਨ੍ਹਾਂ ਨਤੀਜਾ ਕੱਢਿਆ ਕਿ ਵਾਲ ਨਾ ਕੱਟਣ ਵਾਲੇ ਵਧੇਰੇ ਦੈਵੀ ਗੁਣਾਂ ਵਾਲੇ ਸਨ ਅਤੇ ਵਾਲ ਕੱਟਣ ਵਾਲੇ ਵਿਦਿਆਰਥੀਆਂ ਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਧੇਰੇ ਭਾਰੂ ਸੀ।

**ਪ੍ਰਭਜੋਤ** : ਬਾਪੂ ਜੀ ਦੈਵੀ ਗੁਣ ਕਿਹੜੇ ਹੁੰਦੇ ਆ ?

**ਬਾਪੂ ਜੀ** : ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ।

**ਕੁਲਜੀਤ ਸਿੰਘ** :ਫੇਰ ਤਾਂ ਵਾਲ ਕੱਟਣ ਵਾਲੇ ਉਲਟ ਸੋਚਣੀ ਵਾਲੇ ਹੋਏ।

**ਬਾਪੂ ਜੀ** : ਦੁਨੀਆਂ ਵਿੱਚ ਲੜਾਈਆਂ ਝਗੜੇ, ਕੂੜ ਕੁਸੱਤ ਨੈਗੇਟਿਵ (Negative) ਸੋਚਣੀ ਕਰਕੇ ਹੀ ਹੈ। ਜਿੰਨੀ ਦੇਰ ਤੱਕ ਅਸੀਂ ਪਾਜ਼ਿਟਿਵ Positive (ਸਿੱਧੀ) ਸੋਚਣੀ ਨਹੀਂ ਅਪਣਾਉਂਦੇ, ਸਹੀ ਅਰਥਾਂ ਵਿੱਚ ਸਰਬੱਤ ਦੇ ਭਲੇ ਦੀ ਗੱਲ ਕਰ ਹੀ ਨਹੀਂ ਸਕਦੇ। ਸਰਬੱਤ ਦੇ ਭਲੇ ਕਾਰਨ ਹੀ ਦੁਨੀਆਂ ਵਿੱਚ ਸ਼ਾਂਤੀ ਹੋ ਸਕਦੀ ਹੈ।

ਬੱਚਿਓ ! ਉਲਟ ਸੋਚਣੀ (Negative Thinking) ਕਾਰਨ ਹੀ ਸਾਡੇ ਦਿਮਾਗ ਤੇ ਬੋਝ ਪੈਂਦਾ ਹੈ, ਸਾਡੀਆਂ ਨਾੜਾਂ ਖਿੱਚੀਆਂ ਰਹਿੰਦੀਆਂ ਹਨ ਜਿਸ ਕਾਰਨ ਸਾਡੇ ਅੰਗਾਂ ਵਿੱਚ ਦਰਦ ਹੋਣ ਲੱਗ ਪੈਂਦੇ ਹਨ ਅਤੇ ਸੁਭਾ ਚਿੜਚਿੜਾ ਹੋ ਜਾਂਦਾ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਤੁਸੀਂ ਇਕ ਵੇਰ ਕਿਹਾ ਸੀ, "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।" ਇਸ ਦਾ ਕੀ ਮਤਲਬ ?

**ਬਾਪੂ ਜੀ** : ਇਸ ਦਾ ਮਤਲਬ ਹੈ ਕਿ ਗੁਰਮੁਖ ਜਨ ਹਰੇਕ ਰੋਮ (ਵਾਲ) ਦੀ ਰਾਹੀਂ ਵਾਹਿਗੁਰੂ ਦਾ ਨਾਮ ਜਪਦਾ ਹੈ। ਜਿਵੇਂ ਅਸੀਂ ਜੀਭ ਨਾਲ ਜਪਦੇ ਹਾਂ।

**ਕੁਲਜੀਤ ਸਿੰਘ** : ਕੀ ਗੁਰਮੁਖਾਂ ਦੇ ਨਾਮ ਜਪਦਿਆਂ ਜੀਭ ਦੀ ਤਰ੍ਹਾਂ ਵਾਲ (ਰੋਮ) ਵੀ ਹਿਲਦੇ ਆ ?

**ਬਾਪੂ ਜੀ** : ਹਾਂ।

**ਪ੍ਰਭਜੋਤ** : ਅਵਾਜ਼ ਵੀ ਆਉਂਦੀ ਆ ?

**ਬਾਪੂ ਜੀ** : ਹਾਂ।

**ਕੁਲਜੀਤ ਸਿੰਘ** : ਫੇਰ ਵਾਲ ਕੱਟਣ ਨਾਲ ਤਾਂ ਨਾਮ ਜਪਣ ਦੀਆਂ ਜੀਭਾਂ ਕੱਟੀਆਂ ਗਈਆਂ।

**ਬਾਪੂ ਜੀ** : ਬਿਲਕੁਲ ! ਇਸੇ ਕਰਕੇ ਹੀ ਗੁਰੂ ਸਾਹਿਬ ਨੇ ਸਰੀਰ ਦੇ ਕਿਸੇ ਵੀ ਅੰਗ ਤੋਂ ਵਾਲ ਉਤਾਰਨ ਦੀ ਮਨਾਹੀ ਕੀਤੀ ਹੈ।

**ਗੁਰਪ੍ਰੀਤ** :ਬਾਪੂ ਜੀ ! ਸਿੱਖਾਂ ਨੂੰ ਵਾਲ ਬਿਲਕੁਲ ਨਹੀਂ ਕਟਾਉਣੇ ਚਾਹੀਦੇ ?

**ਬਾਪੂ ਜੀ** : ਬੱਚੂ ! ਸਿੱਖੀ ਹੈ 'ਹੁਕਮ' ਦੀ ਖੇਡ। ਸਿੱਖ ਨੇ ਆਪਣੇ ਗੁਰੂ ਦੇ ਹੁਕਮ ਅੰਦਰ ਰਹਿਣਾ ਹੈ, ਆਪਣੇ ਮਨ ਦੀ ਮਤ ਮਗਰ ਨਹੀਂ ਤੁਰਨਾ, ਮਨ ਦੀ ਮਰਜ਼ੀ ਨਹੀਂ ਕਰਨੀ। ਫੌਜ ਵਿੱਚ " ਸਾਹਬ" ਦਾ ਹੁਕਮ ਮੰਨਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਖਾਲਸਾ ਵੀ ਅਕਾਲ ਪੁਰਖ ਦੀ ਫੌਜ ਹੈ, ਖਾਲਸਾ ਕਲਗੀਧਰ ਪਾਤਸ਼ਾਹ ਦਾ ਖਾਸ ਰੂਪ ਹੈ। ਖਾਲਸੇ ਨੂੰ ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣ ਦਾ ਹੁਕਮ ਹੈ। ਗੁਰੂ ਹੁਕਮਾਂ ਅੰਦਰ ਰਹਿੰਦੇ ਹੋਏ ਸਾਨੂੰ ਵੀ ਸਰੀਰ ਦੇ ਕਿਸੇ ਵੀ ਅੰਗ ਤੋਂ ਰੋਮ ਨਹੀਂ ਉਤਾਰਨੇ ਚਾਹੀਦੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਵੀ ਇਹੋ ਸ਼ਿਖਸ਼ਾ ਦਿੱਤੀ ਸੀ ਕਿ ਵਾਲ ਨਹੀਂ ਕਟਾਉਣੇ, ਸਾਬਤ ਸੂਰਤ ਰਹਿਣਾ ਹੈ।

**ਪ੍ਰਭਜੋਤ** : ਬਾਪੂ ਜੀ ! ਜਿਹੜੀਆਂ ਕੁੜੀਆਂ ਕੰਨਾਂ ਵਿੱਚ ਛੇਕ ਕਰਕੇ ਬਾਲੀਆਂ ਪੌਂਦੀਆਂ ਆ, ਕੀ ਉਹ ਵੀ ਗੁਰੂ ਦੇ ਹੁਕਮ ਦੇ ਉਲਟ ਆ ?

**ਕੁਲਜੀਤ ਸਿੰਘ** : ਨੱਕ ਕੰਨਾਂ ਵਿੱਚ ਮੋਰੀਆਂ ਕੱਢਣ ਨਾਲ ਸਾਬਤ ਸੂਰਤ ਤੇ ਰਹੀ ਹੀ ਨਾ, ਟੁੱਟ ਭੱਜ ਗਈ।

**ਬਾਪੂ ਜੀ** : ਬੱਚਿਓ ! ਪ੍ਰਮਾਤਮਾ ਨੇ ਸਾਡੇ ਸਰੀਰ ਦੀ ਘਾੜਤ ਘੜੀ ਹੈ। ਜਿਵੇਂ ਹਵਾਈ ਜਹਾਜ਼ ਬਣਾਉਣ ਵਾਲੇ ਨੇ ਸੋਚ ਵਿਚਾਰ ਕੇ ਇਸ ਦੇ ਖੰਭ, ਪੂਛ, ਨੱਕ ਆਦਿ ਲਾਏ ਹਨ ਤਿਵੇਂ ਹੀ ਰੱਬ ਨੇ ਹੱਥ, ਬਾਹਾਂ, ਲੱਤਾਂ, ਕੇਸ ਆਦਿ ਲੋੜ ਅਨੁਸਾਰ ਸਾਡੇ ਸਰੀਰ ਦੇ ਅੰਗ ਬਣਾਏ ਹਨ। ਭਲਾ ਜੇ ਕੋਈ ਫੈਸ਼ਨਾਂ ਪੱਟਿਆ , ਆਪ ਹੁਦਰਾ ਜਹਾਜ਼ ਦੀ ਪੂਛ ਜਾਂ ਖੰਭ ਕੱਟ ਵੱਢ ਛੱਡੇ ਤਾਂ ਕੀ ਉਹ ਜਹਾਜ਼ ਪੂਰੀ ਯੋਗਤਾ ਨਾਲ ਉਡਾਨ ਭਰ ਸਕੇਗਾ ?

**ਕੁਲਜੀਤ ਸਿੰਘ** : ਨਹੀਂ।

**ਬਾਪੂ ਜੀ** : ਜੇ ਜਹਾਜ਼ ਦੀ ਭੰਨ ਤੋੜ ਕਰਨ ਨਾਲ ਇਹ ਨੁਕਸਦਾਰ ਹੋ ਜਾਂਦਾ ਹੈ ਤਾਂ ਸਰੀਰ ਦੀ ਭੰਨ ਤੋੜ ਕਰਨ ਨਾਲ ਇਸ ਵਿੱਚ ਨੁਕਸ ਕਿਉਂ ਨਹੀਂ ਪੈਦਾ ਹੁੰਦਾ ?.........

ਬੱਚਿਓ ! ਸਰੀਰ ਬਣਾਉਣ ਵਾਲਾ ਰੱਬ ਬੰਦੇ ਵਲੋਂ ਪਾਏ ਨੁਕਸਾਂ ਨੂੰ ਠੀਕ ਕਰਦਾ ਰਹਿੰਦਾ ਹੈ ਕਿਉਂਕਿ ਉਹ ਆਪਣੇ ਬੱਚਿਆਂ ਦਾ ਭਲਾ ਚਾਹੁੰਦਾ ਹੈ। ਬੱਚੇ ਵਾਲ ਕੱਟਦੇ ਹਨ, ਉਹ ਰਾਤੋ ਰਾਤ ਫਿਰ ਉਗਾ ਦਿੰਦਾ ਹੈ। ਵਾਲ ਕੱਟਣ ਵਾਲੇ ਇਹ ਨਹੀਂ ਸੋਚਦੇ ਕਿ ਉਹ ਰੱਬ ਨਾਲ ਟੱਕਰ ਲੈ ਰਹੇ ਹਨ, ਰੱਬ ਦੀ ਅਮਾਨਤ ਵਿੱਚ ਖਿਆਨਤ ਪਾ ਰਹੇ ਹਨ, ਰੱਬ ਨਾਲ ਮੱਥਾ



www.AKJ.Org

ਲਾਇਆਂ ਬੰਦਾ ਸੁੱਖ ਨਹੀਂ ਪਾ ਸਕਦਾ ਤਾਂ ਤੇ ਬੱਚਿਓ ! ਸਾਨੂੰ ਰੱਬ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ।

**ਕੁਲਜੀਤ ਸਿੰਘ** : (ਗੁਰਪ੍ਰੀਤ ਨੂੰ ਸੰਬੋਧਨ ਕਰਦਾ ਹੋਇਆ) ਕਿਉਂ ਗੁਰਪ੍ਰੀਤ ! ਤੈਂ ਰੱਬ ਦੇ ਭਾਣੇ ਵਿੱਚ ਰਹਿਣਾ ਹੈ ਜਾਂ ਆਪਣੇ ਮਨ ਦੀ ਮੁਰਜੀ ਕਰਕੇ ਕੇਸ ਕਟਾਉਣੇ ਆ ?

**ਗੁਰਪ੍ਰੀਤ** : ਹੁਣ ਮੈਨੂੰ ਸਮਝ ਆ ਗਈ ਐ, ਮੈਂ ਨਹੀਂ ਕੇਸ ਕਟਾਉਂਦਾ।

**ਬਾਪੂ ਜੀ** : ਸ਼ਾਬਾਸ਼ ! ਤੇਰਾ ਨਾਮ ਤੇ ਬਹੁਤ ਵਧੀਆ ਹੈ- ਗੁਰਪ੍ਰੀਤ ! ਸਹੀ ਅਰਥਾਂ ਵਿੱਚ ਗੁਰੂ ਨਾਲ ਪ੍ਰੀਤ ਪਾ ਅਤੇ ਗੁਰਮਤਿ ਅਨੁਸਾਰ ਆਪਣਾ ਜੀਵਨ ਬਣਾ।

**ਗੁਰਪ੍ਰੀਤ** : ਅੱਛਾ ਜੀ।

**ਬਾਪੂ ਜੀ** : ਬੱਚਿਓ ! ਮੈਨੂੰ ਭਾਈ ਸੇਵਾ ਸਿੰਘ ਸਫਲ ਦੀ ਕਵਿਤਾ ਦਾ ਇੱਕ ਬੰਦ ਯਾਦ ਆ ਗਿਆ ਹੈ, ਸੁਣੋ-

*ਖਾਲਸੇ ਦੀ ਸ਼ਾਨ ਵੇ ਨਿਰਾਲੀ ਜੱਗ ਤੋਂ,*
*ਹੁੰਦੀ ਐ ਪਛਾਣ ਦਾਹੜੀ ਕੇਸ ਪੱਗ ਤੋਂ,*
*ਸ਼ੇਰ ਨੇ ਬਣਾਇਆ ਗਿੱਦੜਾਂ ਦਾ ਭੇਸ ਵੇ,*
*ਕੱਟਣੇ ਤੂੰ ਛੱਡ ਦਾਹੜੀ ਅਤੇ ਕੇਸ ਵੇ।*

**ਸਾਰੇ ਬੱਚੇ** : ਵਾਹ ਬਾਪੂ ਜੀ ਵਾਹ !

**ਬਾਪੂ ਜੀ** : ਅੱਛਾ ਬੱਚਿਓ ! ਦੱਸੋ ਤੁਸੀਂ ਸ਼ੇਰ ਬਣਨਾ ਚਾਹੁੰਦੇ ਹੋ ਜਾਂ ਗਿੱਦੜ ?

**ਸਾਰੇ ਬੱਚੇ** : ਸ਼ੇਰ।

**ਬਾਪੂ ਜੀ** : ਜੇ ਸ਼ੇਰ ਬਣਨਾ ਚਾਹੁੰਦੇ ਤਾਂ ਸੁਫਨੇ ਵਿੱਚ ਵੀ ਰੱਬ ਦੀ ਦਿੱਤੀ ਸਾਬਤ ਸੂਰਤ ਨੂੰ ਭੰਨਣ ਤੋੜਨ ਦਾ ਖਿਆਲ ਮਨ ਵਿੱਚ ਨਾ ਲਿਆਇਓ।

**ਸਾਰੇ ਬੱਚੇ** : ਅੱਛਾ ਜੀ।

**ਬਾਪੂ ਜੀ** : ਬੱਚਿਓ ! ਅੱਜ ਸਮਾਂ ਬਹੁਤ ਹੋ ਗਿਆ ਹੈ। ਹੁ ਤੁਸੀਂ ਜਾਓ। ਕਲ੍ਹ ਫੇਰ ਮਿਲਾਂਗੇ।

(ਸਾਰੇ ਬੱਚੇ ਬਾਪੂ ਜੀ ਨੂੰ ਫਤਹਿ ਬੁਲਾ ਕੇ "ਸ਼ੇਰ ਨੇ ਬਣਾਇ ਗਿੱਦੜਾਂ ਦਾ ਭੇਸ ਵੇ, ਕੱਟਣੇ ਤੂੰ ਛੱਡ ਦਾਹੜੀ ਅਤੇ ਕੇ ਵੇ" ਗਾਉਂਦੇ ਪਾਉੜੀਆਂ ਉੱਤਰ ਜਾਂਦੇ ਹਨ।)

# ਦਾਤਿ ਪਿਆਰੀ ਵਿਸਰਿਆ ਦਾਤਾਰਾ

(ਚਰਨਜੀਤ ਕੌਰ, ਨਵੀਂ ਦਿੱਲੀ)

ਆਮ ਤੌਰ ਤੇ ਅਸੀਂ ਪਰਮਾਤਮਾਂ ਕੋਲੋਂ ਸੰਸਾਰਕ ਸੁਖ ਹੀ ਮੰਗਦੇ ਹਾਂ ਜਿਵੇਂ ਧਨ ਦੌਲਤ, ਮਹਿਲ ਮਾੜੀਆਂ, ਪੁੱਤਰ ਧੀਆ ਆਦਿ ਅਸੀਂ ਅਣਜਾਣ ਮਨੁੱਖ ਇਹ ਨਹੀਂ ਜਾਣਦੇ ਕਿ ਇਹ ਸਭ ਸੁਖ ਤਾਂ ਸਾਨੂੰ ਬਿਨਾ ਮੰਗੇ ਵੀ ਮਿਲ ਜਾਣਗੇ ਕਿਉਂਕਿ ਜਿਸ ਪ੍ਰਭੂ ਨੇ ਸਾਨੂੰ ਇਹ ਜੀਵਨ, ਸਰੀਰ, ਪ੍ਰਾਣ, ਹਵਾ, ਪਾਣੀ, ਅੱਗ, ਧਰਤੀ, ਸੁਆਦਲੇ ਪਦਾਰਥ ਬਿਨਾਂ ਮੰਗੇ ਹੀ ਦੇ ਦਿੱਤੇ ਹਨ। ਕੀ ਉਹ ਸਾਨੂੰ ਇਹ ਸੁਖ ਨਹੀਂ ਦੇਵੇਗਾ ? ਇਸ ਲਈ ਜਿਸ ਪ੍ਰਭੂ ਨੇ ਸਾਨੂੰ ਇਤਨਾ ਕੁੱਝ ਦੇ ਦਿਤਾ ਹੈ ਕਿਉਂ ਨਾ ਅਸੀਂ ਉਸਦਾ ਸ਼ੁਕਰਾਨਾ ਕਰੀਏ, ਸਿਫਤ ਸਲਾਹ ਕਰੀਏ, ਨਾਮ ਜਪੀਏ। ਪਰੰਤੂ ਮਨੁੱਖ ਇਤਨਾਂ ਸੁਆਰਥੀ ਹੋ ਗਿਆ ਹੈ ਕਿ ਉਹ ਪ੍ਰਭੂ ਦੀਆਂ ਦਿੱਤੀਆਂ ਵਸਤੂਆਂ ਨੂੰ ਆਪਣਾ ਸਮਝਣ ਲੱਗ ਗਿਆ ਹੈ ਤੇ ਹੰਕਾਰੀ ਹੋ ਗਿਆ ਹੈ-

ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ।।
ਅੰਤਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ।। (ਭੈਰਉ ਮਹਲਾ ੫, ਪੰਨਾ ੧੧੩੯)

ਕੇਵਲ ਮਨੁੱਖ ਪ੍ਰਭੂ ਦੀਆਂ ਦਿਤੀਆਂ ਵਸਤੂਆਂ ਨੂੰ ਹੀ ਪਿਆਰ ਕਰਦਾ ਹੈ ਅਤੇ ਪ੍ਰਭੂ ਨੂੰ ਵਿਸਰ ਗਿਆ ਹੈ। ਮਨੁੱਖ ਨੂੰ ਸਾਰੇ ਕੰਮ ਚੇਤੇ ਹਨ ਅਤੇ ਉਹਨਾਂ ਕੰਮਾਂ ਨੂੰ ਹੀ ਸਿਰੇ ਚਾੜ੍ਹਨ ਵਿੱਚ ਹੀ ਲੱਗਾ ਰਹਿੰਦਾ ਹੈ ਤੇ ਪਰਮਾਤਮਾ ਨੂੰ ਯਾਦ ਕਰਨ ਦਾ ਸਮਾਂ ਹੀ ਨਹੀਂ ਕੱਢਦਾ। ਮਨੁੱਖ ਇਹ ਨਹੀਂ ਸਮਝਦਾ ਕਿ ਇਹ ਵਸਤੂਆਂ (ਸੰਸਾਰਿਕ ਸੁਖ) ਕੇਵਲ ਇਸ ਲੋਕ ਤੱਕ ਹੀ ਸੀਮਤ ਹਨ, ਪਰਲੋਕ ਵਿਚ ਤਾਂ ਕੇਵਲ ਨਾਮ ਸਿਮਰਨ ਹੀ ਕੰਮ ਆਉਣਾ ਹੈ ਪਰੰਤੂ ਮਨੁੱਖ ਨੂੰ ਤਾਂ ਮਰਣਾ ਹੀ ਵਿਸਰ ਗਿਆ ਹੈ। ਗੁਰਵਾਕ ਹੈ-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਿਆ ਹੈ ਮਰਣਾ।।
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣ ਨਹੀਂ ਰਹਣਾ।। (ਮਲਾਰ ਮ:੧, ਚਉਪਦੇ, ਪੰਨਾ ੧੨੫੪)

ਅੰਤ ਸਮੇਂ ਧੰਨ ਦੌਲਤ, ਮਹਲ ਮਾੜੀਆਂ, ਧੀ ਪੁੱਤਰ, ਮਿੱਤਰ, ਰਿਸ਼ਤੇਦਾਰ ਸਭ ਮਨੁੱਖ ਦਾ ਸਾਥ ਛੱਡ ਦੇਂਦੇ ਹਨ ਤੇ ਫਿਰ ਕਿਉਂ ਮਨੁੱਖ ਇਹਨਾਂ ਪਦਾਰਥਾਂ ਨਾਲ ਪ੍ਰੀਤਾਂ ਲਗਾਈ ਬੈਠਾ ਹੈ ? ਕਿਉਂ ਹਰ ਵੇਲੇ ਇਹ ਮਾਇਕ ਸੁਖ ਹੀ ਮੰਗਦਾ ਹੈ ਜਦਕਿ ਗੁਰਬਾਣੀ ਦਾ ਫੁਰਮਾਨ ਹੈ-

ਸੁਖੁ ਮਾਂਗਤ ਦੁਖੁ ਆਗੈ ਆਵੈ।। ਸੋ ਸੁਖੁ ਹਮਹੁ ਨ ਮਾਂਗਿਆ ਭਾਵੈ।। (ਪੰਨਾ ੩੩੦)

ਕਿਉਂ ਮਨੁੱਖ ਅਕਾਲ ਪੁਰਖ ਵਾਹਿਗੁਰੂ ਨੂੰ ਵਿਸਰ ਬੈਠਾ ਹੈ ? ਕਿਉਂ ਨਾਮ ਨਹੀਂ ਜਪਦਾ ? ਇਸ ਲਈ ਸਾਨੂੰ ਇਸ ਮਨ ਨੂੰ ਸਮਝਾਣਾ ਚਾਹੀਦਾ ਹੈ ਤੇ ਕੇਵਲ ਇਹੀ ਅਰਦਾਸ ਕਰਨੀ ਚਾਹੀਦੀ ਹੈ ਕਿ -

ਵਿਣੁ ਤੁਧੁ ਹੋਰੁ ਜਿ ਮੰਗਣਾ, ਸਿਰਿ ਦੁਖਾ ਕੈ ਦੁਖ।। ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ।। (੯੫੮)



www.AKJ.Org

## ਬੱਚਿਆਂ ਲਈ ਸਵਾਲ

1. ਭਾਈ ਲਹਿਣਾ ਜੀ ਦੇ ਕਿਸ ਗੁਣ ਤੋਂ ਖੁਸ਼ ਹੋ ਕੇ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰ-ਗੱਦੀ ਸੌਂਪੀ ?
2. ਬਿਪਰਨ ਕੀ ਰੀਤ ਕੀ ਹੈ ? ਕੋਈ ਚਾਰ ਮੁੱਖ ਰੀਤਾਂ ਅਜੇਹੀਆਂ ਲਿਖੋ ਜਿਨ੍ਹਾਂ ਵਿੱਚ ਹਾਲੇ ਤੀਕ ਬੁਹਤ ਸਾਰੇ ਸਿੱਖ ਫਸੇ ਬੈਠੇ ਹਨ।
3. "ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ"। ਤੁਰੀਆ ਕੀ ਹੈ ? ਇਸ ਦੀ ਪ੍ਰਾਪਤੀ ਦਾ ਕੀ ਸੋਧਨ ਹੈ ?
4. ਕਿਹੜਾ ਯਤੀਮ ਬੱਚਾ ਤਖਤ ਚਵਰ ਦਾ ਮਾਲਕ ਬਣ ਕੇ ਨਿਆਸਰਿਆਂ ਦਾ ਆਸਰਾ ਹੋ ਨਿੱਬੜਿਆ ? ਉਸ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
5. ਕਦੋਂ ਤੇ ਕਿਸ ਜੰਗ ਵਿੱਚ ਬਹਾਦਰ ਸਿੰਘਾਂ ਨੇ ਤੋਪ ਦਾ ਪਹੀਆ ਟੁੱਟ ਜਾਣ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਵਾਰੋ ਵਾਰੀ ਮੋਢਾ ਦੇ ਕੇ ਤੋਪ ਨੂੰ ਚਲਦੀ ਰੱਖਿਆ?

ਅਕਤੂਬਰ ੧੯੯੫

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ..............................

ਉਮਰ ..............................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

..............................

..............................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੩੧ ਅਕਤੂਬਰ ੧੯੯੫ ਤੱਕ ਸੂਰਾ ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4 ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆਂ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

## ਬੱਚਿਆਂ ਦੇ ਸਵਾਲ ਜਵਾਬ, ਅਗਸਤ ੧੯੯੫ ਦਾ ਨਤੀਜਾ।

ਦੂਜਾ ਦਰਜਾ:-1. ਤ੍ਰਿਪਤ ਪਾਲ ਕੌਰ, ਜੰਡਿਆਲਾ ਗੁਰੂ (ਅੰਮ੍ਰਿਤਸਰ) 2. ਹਰਪ੍ਰੀਤ ਸਿੰਘ, ਨੰਗਲ ਟਾਊਨਸ਼ਿਪ (ਰੋਪੜ)

**ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।**

## ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਅਤੇ ਵਿਦਵਾਨਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਸਾਫ਼-ਸਾਫ਼ ਲਿਖ ਕੇ ਭੇਜਣ। ਫੋਟੋ ਕਾਪੀ ਭੇਜਣ ਤੋਂ ਗੁਰੇਜ ਕੀਤਾ ਜਾਵੇ। ਲੇਖਾਂ ਵਿੱਚ ਦਰਜ ਤਾਰੀਖਾਂ, ਸੰਨ, ਹਵਾਲੇ ਅਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਚੰਗੀ ਤਰ੍ਹਾਂ ਸੋਧ ਕੇ ਭੇਜਿਆ ਜਾਵੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਹੇਠ ਲਿਖੇ ਪਤੇ ਤੋਂ ਬਿਨਾਂ ਕਿਸੇ ਭੇਟਾ ਦੇ ਮਿਲ ਸਕਦੇ ਹਨ। ਬਿਰਧ ਸਰੂਪਾਂ, ਗੁਟਕਿਆਂ ਆਦਿ ਦੀ ਸੇਵਾ ਦਾ ਵੀ ਪ੍ਰਬੰਧ ਹੈ। ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ

ਪਿੰਡ ਛੋਟੀ ਜਵੱਦੀ ਨੇੜੇ ਨਹਿਰ ਦਾ ਪੁਲ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਲਤੀਫ਼ਪੁਰ-ਮੁਕੇਰੀਆਂ (ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ ੨੮ ਅਕਤੂਬਰ ਰਾਤ ਨੂੰ**

## ਜ਼ਰੂਰੀ ਸੂਚਨਾ

ਬਾਹਰੋਂ ਆਉਣ ਵਾਲੇ ਪ੍ਰੇਮੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿਛਲੇ ਕਾਫੀ ਸਮੇਂ ਤੋਂ 'ਸੂਰਾ' ਮਾਸਿਕ ਪੱਤਰ ਦਾ ਸਬ-ਆਫਿਸ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਚੱਲ ਰਿਹਾ ਹੈ। ਸੋ ਇੱਛਕ ਸੱਜਣ ਸੂਰਾ ਸੰਬੰਧੀ ਕਿਸੇ ਵੀ ਕੰਮ ਵਾਸਤੇ ਇਸੇ ਸਬ-ਆਫਿਸ ਵਿਖੇ ਹੀ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਮਿਲ ਸਕਦੇ ਹਨ। ਸੰਪਾਦਕ

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਭਾਈ ਅਵਤਾਰ ਸਿੰਘ ਜੀਵਨ ਸਿੰਘ ਨਿਊਜਰਸੀ | 5000 ਰੁ: | ਸ੍ਰ: ਸੁਰੈਣ ਸਿੰਘ ਚੰਡੀਗੜ੍ਹ | 100 ਰੁ: |
| ਸ੍ਰ: ਸਤਨਾਮ ਸਿੰਘ ਉਂਟਾਰੀਓ | 1917/90 | ਸ੍ਰ: ਨਾਨਕ ਸਿੰਘ ਪੂਨਾ | 400 ਰੁ: |
| ਬੀਬੀ ਕਰਤਾਰ ਕੌਰ ਵਲੋਂ (ਚੜ੍ਹਾਵਾ) | 53 ਰੁ: | ਸ੍ਰ: ਅਵਤਾਰ ਸਿੰਘ ਲੁਧਿਆਣਾ | 101 ਰੁ: |
| ਸ੍ਰ: ਬੂੜ ਸਿੰਘ | 100 ਰੁ: | ਬੀਬੀ ਨਰਿੰਦਰ ਕੌਰ ਜੈਪੁਰ | 900 ਰੁ: |

10 ਅਕਤੂਬਰ ਰੈਣ ਸਬਾਈ ਸ੍ਰੀ ਅਕਾਲ ਤਖਤ ਸਾਹਿਬ | 21 ਅਕਤੂਬਰ ਰੈਣ ਸਬਾਈ ਗੁਰੂ ਕੇ ਮਹਿਲ ਅੰਮ੍ਰਿਤਸਰ

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3 ਮਨੀਆਰਡਰ ਫ਼ਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

ਗੁ: ਸੁਖਚੈਨਆਣਾ ਸਾਹਿਬ ਨੇੜੇ ਚੁੰਗੀ ਬੰਗਾ ਰੋਡ ਫਗਵਾੜਾ ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ੭ ਅਕਤੂਬਰ ਰਾਤ ਨੂੰ

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਘੁਮਾਣ (ਨੇੜੇ ਸੁਧਾਰ) ਲੁਧਿਆਣਾ ਵਿਖੇ ੧੪ ਅਕਤੂਬਰ ਰਾਤ ਨੂੰ।

(ਤਬਦੀਲੀ) ਗੁ: ਫਤਿਹਗੜ੍ਹ ਅਨੰਦਪੁਰ ਸਾਹਿਬ ਵਿਖੇ ਅਖੰਡ ਕੀਰਤਨ ੧੫ ਅਕਤੂਬਰ ਐਤਵਾਰ ਸਵੇਰ ਤੋਂ ਦੁਪਹਿਰ ਤੱਕ।

ਮੋਗਾ ਵਿਖੇ ਸਲਾਨਾ ਸਮਾਗਮ ੧੯ ਅਕਤੂਬਰ ਤੋ ੨੨ ਅਕਤੂਬਰ ਸਵੇਰ ਤੱਕ ਵੇਰਵਾ ਸਤੰਬਰ ਅੰਕ ਵਿੱਚ ਦੇਖੋ।

### ਦਿਆਲਪੁਰ ਵਿਖੇ ਸਲਾਨਾ ਸਮਾਗਮ ੪ ਅਕਤੂਬਰ ਤੋ ੧੫ ਅਕਤੂਬਰ ਸਵੇਰ ਤੱਕ

੪ ਅਕਤੂਬਰ ਸਵੇਰੇ ਕੀਰਤਨ ਉਪਰੰਤ ਅਰੰਭ ਲੜੀ ਅਖੰਡ ਪਾਠ ਸਾਹਿਬ (੫)। ੧੪ ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ੬ ਵਜੇ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ (ਗੁ: ਪੌੜਿਆਂ ਵਾਲੀ ਵਿਖੇ)

ਨੋਟ :- ੧੩ ਅਕਤੂਬਰ ਸ਼ਾਮ ੭ ਤੋਂ ੧੦ ਕੀਰਤਨ ਗੁ: ਥੰਮ ਜੀ ਸਾਹਿਬ ਕਰਤਾਰਪੁਰ ਵਿਖੇ।

ਦਾਸਰੇ :- ਅਖੰਡ ਕੀਰਤਨੀ ਜਥਾ ਦਿਆਲਪੁਰ।

'ਨਾਮ ਜਪੰਦੜੀ ਲਾਲੀ'



ਗੁਰਪੁਰਵਾਸੀ
ਬੀਬੀ ਦਲਜੀਤ ਕੌਰ ਜੀ। ਇਹਨਾਂ ਦੀ ਜੀਵਨ ਝਲਕ ਪੰਨਾ ੩੧ ਤੇ ਪੜ੍ਹੋ

### ਤਰਨਤਾਰਨ ਵਿਖੇ ਸਮਾਗਮ ਵਿਚ ਤਬਦੀਲੀ

ਗਲੀ ਬਾਊ ਮੱਲ ਸਿੰਘ ਤਰਨਤਾਰਨ ਵਿਖੇ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਹੋਣ ਵਾਲੇ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ੨੦ ਤੋਂ ੨੨ ਅਕਤੂਬਰ ਦੀ ਥਾਂ ੨੭ ਤੋਂ ੨੯ ਅਕਤੂਬਰ ਦੁਪਹਿਰ ਤੱਕ ਹੋਣਗੇ।

### ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦਾ ਸਲਾਨਾ ਸਮਾਗਮ ਜਲੰਧਰ ਵਿਖੇ

5-11-95 ਸਵੇਰੇ 5 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਲਾਇਲਪੁਰ ਖਾਲਸਾ ਸੀ: ਸੈਕੰਡਰੀ ਸਕੂਲ ਨਕੋਦਰ ਰੋਡ 7 ਤੋਂ 9 ਸ਼ਾਮ ਗੁਰਦੁਆਰਾ ਅਜੀਤ ਨਗਰ ਵਿਖੇ।

6-11-95 ਸਵੇਰੇ 6 ਤੋ 11 ਕੀਰਤਨ ਗੁ: ਮਖਦੂਮਪੁਰਾ ਵਿਖੇ ਸ਼ਾਮ 7 ਤੋ 9 ਸਕੂਲ ਦੇ ਪੰਡਾਲ ਵਿਖੇ।

7-11-95 ਸਵੇਰੇ 5 ਵਜੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਸ਼ਾਮ 6 ਵਜੇ ਅਰੰਭ ਰੈਣਿ ਸਬਾਈ ਕੀਰਤਨ ਲਾਇਲਪੁਰ ਖਾਲਸਾ ਸੀ: ਸੈਕੰਡਰੀ ਸਕੂਲ ਵਿਖੇ।

ਅੰਮ੍ਰਿਤ ਸੰਚਾਰ:- 7-11-95 ਸ਼ਾਮ 6 ਵਜੇ ਸਕੂਲ ਵਿਖੇ ਹੀ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੋਵੇਗਾ।

ਰਿਹਾਇਸ਼ ਤੇ ਲੰਗਰ:- ਲਾਇਲਪੁਰ ਖਾਲਸਾ ਸੀ: ਸੈਕੰਡਰੀ ਸਕੂਲ ਨਕੋਦਰ ਰੋਡ ਜਲੰਧਰ ਵਿਖੇ।

ਦਾਸਰੇ:- ਅਖੰਡ ਕੀਰਤਨੀ ਜੱਥਾ, ਜਲੰਧਰ।

ਗੁ: ਸਾਹਿਬ ਪਿੰਡ ਕਾਲਾ ਬਾਲਾ (ਗੁਰਦਾਸਪੁਰ) ਨੇੜੇ ਕਾਹਨੂੰਵਾਨ ਵਿਖੇ ਰੈਣਿ ਸਾਹਿਬ ਕੀਰਤਨ ੧੧ ਨਵੰਬਰ ਰਾਤ ਨੂੰ

### ਗੁਰੂ ਦਰਬਾਰ ਦੀ ਹਾਜ਼ਰੀ ਸਮੇ ਪਹਿਰਾਵਾ

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅਸੀਂ ਆਪਣੇ ਦੁਨਿਆਵੀਂ ਦੋਸਤਾਂ, ਮਿੱਤਰਾਂ ਸਨੇਹੀਆਂ ਜਾਂ ਅਫ਼ਸਰਾਂ ਆਦਿ ਨੂੰ ਮਿਲਣ ਜਾਣ ਸਮੇਂ ਇਸ ਗੱਲ ਦਾ ਪੂਰਾ ਖਿਆਲ ਰਖਦੇ ਹਾਂ ਕਿ ਸਾਡੇ ਕੱਪੜੇ ਠੀਕ ਪਾਏ ਹੋਏ ਹਨ ਕਿ ਨਹੀਂ, ਪੱਗ ਠੀਕ ਬੰਨ੍ਹੀ ਹੋਈ ਹੈ ਕਿ ਨਹੀਂ ਇਤਿਆਦਿ। ਪਰ ਗੁਰੂ ਦਰਬਾਰ, ਜਿਥੇ ਅਸਾਡੇ ਲੋਕ ਪਰਲੋਕ ਦੇ ਸਹਾਇਕ ਸਹਿਨਸ਼ਾਹ ਗੁਰੂ ਮਹਾਰਾਜ ਦੀ ਜੋਤ ਬਿਰਾਜਮਾਨ ਹੁੰਦੀ ਹੈ ਤੇ ਸ਼ਹੀਦ ਸਿੰਘਾਂ ਦੇ ਪਹਿਰੇ ਹੁੰਦੇ ਹਨ, ਦੀ ਹਾਜ਼ਰੀ ਭਰਨ ਸਮੇਂ ਇਸ ਗੱਲੋਂ ਪੂਰੀ ਲਾਪਰਵਾਹੀ ਵਰਤੀ ਜਾਂਦੀ ਹੈ (ਕਈ ਤਾਂ ਖੁੱਲੇ ਕੇਸੀਂ ਹੀ ਦਰਬਾਰ ਹਾਲ ਵਿੱਚ ਚਲੇ ਜਾਂਦੇ ਹਨ ਤੇ ਕਈਆਂ ਨੇ ਸਿਰਫ ਛੋਟੀ ਕੇਸਕੀ ਹੀ ਸਜਾਈ ਹੁੰਦੀ ਹੈ।)

ਗੁਰੂ ਸਾਹਿਬ ਦੇ ਸਤਿਕਾਰ ਵਜੋਂ ਗੁਰ-ਅਸਥਾਨ ਤੇ ਜਾਣ ਵੇਲੇ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੋ ਕੇ ਵੱਡੀ ਦਸਤਾਰ ਸਜਾ ਕੇ ਹੀ ਹਾਜ਼ਰੀ ਭਰਨੀ ਚਾਹੀਦੀ ਹੈ। ਵੈਸੇ ਵੀ ਸਿੱਖ ਨੂੰ 'ਸਿਰਦਾਰੀ ਸ਼ਾਨ' ਨੂੰ ਮੁੱਖ ਰੱਖਦਿਆਂ ਵੱਡੀ ਦਸਤਾਰ ਸਜਾ ਕੇ ਹੀ ਘਰੋਂ ਬਾਹਰ ਜਾਣਾ ਚਾਹੀਦਾ ਹੈ।

ਗੁਰ ਦਰਬਾਰ -ਗੁਰ ਸੰਗਤ ਵਿਚ ਜਾਣ ਸਮੇਂ ਹਰੇਕ ਗੁਰਸਿੱਖ ਵੀਰ ਭੈਣ ਦੇ ਦੁਨਿਆਵੀ ਹਾਰ ਸ਼ਿੰਗਾਰ ਫ਼ੈਸ਼ਨਾਂ ਤੋਂ ਰਹਿਤ ਸਾਦਾ ਗੁਰਮੁਖੀ ਪਹਿਰਾਵਾ ਹੀ ਸੋਭਦਾ ਹੈ।



www.AKJ.Org